

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 44

February 7, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


Ambedkar Times and Desh Doaba fondly remember

Mr CL Chumber on his 2nd anniversary



# ਗਰੀਨ ਕਾਰਡਾਂ ਦੀ ਅਲਾਟਮੈਂਟ ’ਚ ਪ੍ਰਤੀ ਮੁਲਕ ਹੱਦ ਨੂੰ ਖ਼ਤਮ ਕਰਨ ਦੀ ਵਕਾਲਤ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਛੇ ਅਸਰਦਾਰ ਕਾਨੂੰਨਸਾਜ਼ਾਂ ਨੇ ਹੁਨਰਮੰਦ ਭਾਰਤੀਆਂ ਦੀ ਹਮਾਇਤ ਕਰਦਿਆਂ ਗਰੀਨ ਕਾਰਡਾਂ ਦੀ ਅਲਾਟਮੈਂਟ ’ਚ ਪ੍ਰਤੀ ਮੁਲਕ ਹੱਦ ਨੂੰ ਖ਼ਤਮ ਕਰਨ ਦੀ ਵਕਾਲਤ ਕੀਤੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਮੌਜੂਦਾ ਪ੍ਰਣਾਲੀ ਕਰਕੇ 15 ਲੱਖ ਲੋਕ ਬੈਕਲਾਗ ਦੇ ਘੇਰੇ ’ਚ ਫਸੇ ਹੋਏ ਹਨ ਜਿਸ ਦਾ ਅਮਰੀਕਾ ਨੂੰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਹੁਨਰਮੰਦ ਭਾਰਤੀਆਂ ਨੂੰ 70 ਸਾਲ ਤਕ ਦੀ ਉਡੀਕ ਕਰਨੀ ਪੈ ਸਕਦੀ ਹੈ। ਸੂਚਨਾ ਤਕਨਾਲੋਜੀ, ਵਿਗਿਆਨੀਆਂ ਅਤੇ ਅਕਾਦਮੀਸ਼ੀਅਨਾਂ ਸਮੇਤ ਹੋਰ ਖੇਤਰਾਂ ਦੇ ਹੁਨਰਮੰਦ ਕਰੀਬ 200 ਭਾਰਤੀਆਂ ਨੇ ਸੋਮਵਾਰ



ਨੂੰ ਅਮਰੀਕੀ ਸੰਸਦ ਨੇੜੇ ਇਕੱਤਰ ਹੋ ਕੇ ਕਾਨੂੰਨਸਾਜ਼ਾਂ ਦੇ ਦਫ਼ਤਰਾਂ ਦਾ ਦੌਰਾ ਕੀਤਾ। ਬਾਅਦ ’ਚ ਸ਼ਾਮ ਨੂੰ ਅੱਧਾ ਦਰਜਨ ਕਾਨੂੰਨਸਾਜ਼ ਭਾਰਤੀਆਂ ਦੀ ਹਮਾਇਤ ਲਈ ਸਾਹਮਣੇ ਆਏ, ਜੋ ਕੈਲੀਫੋਰਨੀਆ ਸਮੇਤ ਹੋਰ ਥਾਵਾਂ ਤੋਂ ਇੰਮੀਗਰੇਸ਼ਨ ਵੁਆਇਸ ਦੇ ਅਮਨ ਕਪੂਰ ਦੀ ਅਗਵਾਈ ਹੇਠ ਇਥੇ ਪੁੱਜੇ ਸਨ। ਕਾਂਗਰਸਮੈਨ ਕੇਵਿਨ ਯੋਡਰ ਨੇ ਭਾਰਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਾਰੇ ਲੋਕਾਂ ਲਈ ਅਮਰੀਕਾ ਦੇ ਦਰਵਾਜ਼ੇ ਖੁਲ੍ਹੇ ਰੱਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਆਓ-ਪਹਿਲਾਂ ਪਾਓ ਦੇ ਆਧਾਰ ’ਤੇ ਵੀਜ਼ਾ ਪ੍ਰਣਾਲੀ ਹੋਣੀ


**(ਬਾਕੀ ਸਫਾ 9 ‘ਤੇ)**


# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ



ਗੁਰੂ ਘਰ ਦੀ ਕਮੇਟੀ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਦੀ ਇਕ ਯਾਦਗਾਰੀ ਤਸਵੀਰ। ਸਬੰਧਤ ਤਸਵੀਰਾਂ ਅਤੇ ਰਿਪੋਰਟ ਦੇਖੋ ’ਅੰਬੇਦਕਰ ਟਾਈਮਜ਼’ ’ਚ


SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

MANDEEP SANDHU

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)



BAGGA JEWELERS

916-912-8842, 916-329-8772

SINCE 1996

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823

Sandeep Jony Bagga



MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

RAMESH SUMAN
Broker Realtor
RCS-D ™

www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



BERKSHIRE HATHAWAY Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828



FARMERS INSURANCE

Auto, Home, Business, Commercial, Rental, Workecomp, Life, Health etc.

ਮਨਜੀਤ ਕੌਰ

Manjit Kaur Insurance Agency

Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842

COVERED CALIFORNIA



Buying, Selling any Kind of Real Estate or just need friendly advice call

DALVIR ‘DIL’ NIJJAR
Realtor,
Lic # 01418648

2081 Arena Blvd. @ 100
Sacramento CA 95835

916-628-2210
Dil.realtor@gmail.com



Raja
SWEETS & CATERING
AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets


# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਕੋਟਿਨ-ਕੋਟਿ ਧੰਨਵਾਦ ਕਰਦੀ ਹੈ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ), ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਨ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਅਤੇ ਉਹਨਾਂ ਸਾਰੇ ਹੀ ਦਾਨੀ ਪਰਿਵਾਰਾਂ ਦਾ ਕੋਟਿਨ-ਕੋਟਿ ਧੰਨਵਾਦ ਕਰਦੀ ਹੈ, ਜਿਹਨਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 641ਵੇਂ ਪ੍ਰਕਾਸ਼ ਦਿਹਾੜੇ 'ਤੇ ਤਹਿ ਦਿਲੋਂ ਹਰ ਕਿਸਮ ਦਾ ਸਹਿਯੋਗ ਦਿੱਤਾ। ਇਸ ਦੇ ਨਾਲ ਅਸੀਂ ਉਹਨਾਂ ਸ੍ਰੀ ਗੁਰੂ ਰਵਿਦਾਸ ਅਤੇ ਸਿੱਖ ਸਭਾਵਾਂ ਅਤੇ ਹੋਰ ਸਭਾਵਾਂ ਜਿਹਨਾਂ ਨੇ ਇਸ ਸ਼ੁਭ ਦਿਹਾੜੇ ਤੇ ਹਾਜਰੀਆਂ ਭਰ ਕੇ ਮਾਣ ਵਧਾਇਆ, ਅਸੀਂ ਉਹਨਾਂ ਦੇ ਵੀ ਦਿਲੀ ਧੰਨਵਾਦੀ ਹਾਂ।



ਸ੍ਰੀ ਰਮੇਸ਼ ਸੁੰਮਨ, ਚੇਅਰਮੈਨ



ਕਸ਼ਮੀਰੀ ਭਾਟੀਆ, ਪ੍ਰਧਾਨ

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਕੈਲੇਫੋਰਨੀਆ

**ਧੰਨਵਾਦ ਕਰਤਾ**
**ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ)**


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

## ਐਸੀ ਲਾਲ ਤੁਝ ਬਿਨ ਕਉਨ ਕਰੈ॥
## ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਉਤਸਵ 9, 10, 11 ਫਰਵਰੀ, ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਮਨਾਏ ਜਾਣ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ





Baksho Kaur Bisla Hardev Singh Bisla
530-671-0439, Fax 530-822-0439 Cell- 530-844-3250



# L.A. MERCHANDISE
**Whole Sale +Retail**

## 500 N. Palora Ave. Yuba City, CA 95991

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

Red Label Tea
900 Gm $ 3.99

Bio Bidet Elite
$ 39.99+Tax
(Smart Loto)



## LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਸ਼ੋਕ ਸੁਨੇਹਾ






**ਸੈਲਮਾ–** ਦੇਸ਼ ਭਗਤ ਪਰਿਵਾਰਾਂ ਅਤੇ ਸਨੇਹੀਆਂ ਵਿਚ ਇਹ ਖਬਰ ਦੁੱਖ ਤੇ ਗਮ ਨਾਲ ਸੁਣੀ ਜਾਵੇਗੀ ਕਿ ਪ੍ਰਸਿੱਧ ਗਦਰੀ ਤੇ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਤੋਂ ਆਜ਼ਾਦੀ ਦੇ ਸੂਰਮੇ ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ ਬਲਗਣ ਜਨਵਰੀ 31, 2018 ਨੂੰ ਇਸ ਸੰਸਾਰ ਨੂੰ ਸਦਾ ਲਈ ਛੱਡ ਗਏ ਹਨ। ਬੀਬੀ ਜੀ ਨੇ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵੱਲੋਂ ਹਰ ਸਾਲ ਅਕਤੂਬਰ ਵਿਚ ਕਰਵਾਏ ਜਾਂਦੇ ਮੇਲੇ ਵਿਚ ਸ਼ਾਮਲ ਹੁੰਦੇ ਰਹੇ ਹਨ। 2011 ਦੇ ਮੇਲੇ ਵਿਚ 8 ਅਕਤੂਬਰ ਨੂੰ ਗਦਰ ਪਾਰਟੀ ਦਾ ਝੰਡਾ ਝੁਲਾਉਣ ਦੀ ਰਸਮ ਅਦਾ ਕੀਤੀ ਸੀ ਅਤੇ ਜਥੇਬੰਦੀ ਬਾਰੇ ਬੜੇ ਹੀ ਭਾਵ ਪੂਰਨ ਸ਼ਬਦ ਕਹੇ ਸਨ। ਜਥੇਬੰਦੀ ਉਹਨਾਂ ਦੇ ਸਪੁੱਤਰਾਂ ਸ. ਕੁਲਵੰਤ ਸਿੰਘ ਐਸ. ਪੀ., ਸਵਿੰਦਰ ਸਿੰਘ ਰਾਣਾ ਅਤੇ ਬੇਟੀ ਕੁਲਵਿੰਦਰ ਕੌਰ ਨਿੱਜਰ ਨਾਲ ਦੁੱਖ ਸਾਂਝਾ ਕਰਦੀ ਹੈ। ਇਸ ਪਰਿਵਾਰ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਤੇ ਝੱਲੇ ਕਸ਼ਟਾਂ ਅੱਗੇ ਸਿਰ ਨਿਵਾਉਂਦੀ ਹੈ। ਉਹਨਾਂ ਦਾ ਜਨਮ ਦਸੰਬਰ 20, 1935 ਨੂੰ ਹੋਇਆ ਸੀ। ਉਹਨਾਂ ਦਾ ਪੇਕਾ ਪਿੰਡ ਬਸੀ ਜਲਾਲ ਅਤੇ ਸਹੁਰਾ ਪਿੰਡ ਬਲਗਣ ਜ਼ਿਲ੍ਹਾ ਹੁਸ਼ਿਆਰਪੁਰ ਸੀ। ਜਥੇਬੰਦੀ ਬੀਬੀ ਹਰਜਿੰਦਰ ਕੌਰ ਜੀ ਦੇ 11 ਫਰਵਰੀ ਐਤਵਾਰ ਨੂੰ 11 ਤੋਂ 1 ਵਜੇ ਸ਼ਾਂਤ ਭਵਨ 4800 ਈ ਕਲੇਟਨ ਐਵੇਨਿਊ ਫਰਿਜ਼ਨੋ ਵਿਖੇ ਅੰਤਿਮ ਅਰਦਾਸ ਗੁਰੂ ਘਰ ਸੈਲਮਾ ਵਿਚ ਅਤੇ ਸਸਕਾਰ ਵਿਚ ਆਪਣੇ ਮੈਂਬਰਾਨ ਨੂੰ ਸ਼ਾਮਲ ਹੋਣ ਲਈ ਸੁਨੇਹਾ ਦਿੰਦੀ ਹੈ।ਹੋਰ ਜਾਣਕਾਰੀ ਅਤੇ ਦੁੱਖ ਸਾਂਝਾ ਕਰਨ ਲਈ 559-896-8900 ਜਾਂ 559-514-9777 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੱਬਰਾਂ ਅਤੇ ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੀ ਯਾਦ 'ਚ

# ਅਜੋਕੇ ਸਮੇਂ ਦੇ ਭਖ਼ਦੇ ਸੁਆਲਾਂ 'ਤੇ ਵਿਚਾਰ-ਚਰਚਾ 27 ਨੂੰ

**ਜਲੰਧਰ–** ਸਾਡੇ ਮੁਲਕ ਦੇ ਆਜ਼ਾਦੀ ਸੰਗਰਾਮ 'ਚ ਵਿਲੱਖਣ ਭੂਮਿਕਾ ਅਦਾ ਕਰਨ ਵਾਲੀ ਬੱਬਰ ਅਕਾਲੀ ਲਹਿਰ 'ਚ 27 ਫਰਵਰੀ 1926 ਨੂੰ ਫਾਂਸੀ ਦੇ ਤਖ਼ਤੇ 'ਤੇ ਚੜ੍ਹਨ ਵਾਲੇ ਬੱਬਰ, ਜਥੇਦਾਰ ਕਿਸ਼ਨ ਸਿੰਘ ਗੜਗੱਜ (ਵੜਿੰਗ, ਜਲੰਧਰ), ਕਰਮ ਸਿੰਘ (ਮਾਣਕੋ, ਜਲੰਧਰ), ਨੰਦ ਸਿੰਘ (ਘੁੜਿਆਲ, ਜਲੰਧਰ), ਬਾਬੂ ਸੰਤਾ ਸਿੰਘ (ਛੋਟੀ ਹਰਿਓਂ, ਲੁਧਿਆਣਾ), ਦਲੀਪ ਸਿੰਘ (ਧਾਮੀਆਂ, ਹੁਸ਼ਿਆਰਪੁਰ), ਧਰਮ ਸਿੰਘ (ਹਯਾਤਪੁਰ ਰੁੜਕੀ, ਹੁਸ਼ਿਆਰਪੁਰ), 27 ਫਰਵਰੀ 1927 ਨੂੰ ਬੱਬਰ ਨਿੱਕਾ ਸਿੰਘ (ਗਿੱਲ, ਲੁਧਿਆਣਾ), ਬੱਬਰ ਮੁਕੰਦ ਸਿੰਘ (ਜਵੱਦੀ), ਬੱਬਰ ਬੰਤਾ ਸਿੰਘ (ਗੁਰੂਸਰ), ਬੱਬਰ ਸੁੰਦਰ ਸਿੰਘ (ਲੋਹਕੇ), ਬੱਬਰ ਗੁੱਜਰ ਸਿੰਘ ਗਰੇਵਾਲ (ਢੈਪਈ), ਨਿੱਕਾ ਸਿੰਘ (ਆਲੋਵਾਲ) ਅਤੇ 27 ਫਰਵਰੀ 1931 ਨੂੰ ਚੰਦਰ ਸ਼ੇਖਰ ਆਜ਼ਾਦ, ਐਲਫਰਡ ਪਾਰਕ, ਇਲਾਹਾਬਾਦ ਵਿੱਚ ਪੁਲਿਸ ਮੁਕਾਬਲੇ ਦੌਰਾਨ ਸ਼ਹੀਦ ਹੋਣ ਵਾਲੇ ਆਜ਼ਾਦੀ ਸੰਗਰਾਮੀਆਂ ਦੀ ਯਾਦ 'ਚ 27 ਫਰਵਰੀ 2018 ਨੂੰ ਦਿਨੇ 11:00 ਵਜੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਿਵੇਕਲੇ ਅੰਦਾਜ਼ 'ਚ ਸਿਜਦਾ ਕਰਦਿਆਂ ਅਜੋਕੇ ਸਮੇਂ ਦੇ ਭਖ਼ਦੇ ਸੁਆਲਾਂ 'ਤੇ ਗੰਭੀਰ ਵਿਚਾਰ-ਚਰਚਾ ਕੀਤੀ ਜਾਏਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਆਪਣਾ ਤਨ, ਮਨ, ਧਨ ਨਿਛਾਵਰ ਕਰਨ ਵਾਲੇ ਬੱਬਰ ਸੂਰਬੀਰਾਂ ਦੇ ਅਧੂਰੇ ਸੁਪਨਿਆਂ ਦੀ ਪੂਰਤੀ ਲਈ ਕੀ ਕਰਨਾ ਲੋੜੀਏ ਵਿਸ਼ੇ ਉਪਰ ਵਿਚਾਰ-ਚਰਚਾ ਕੇਂਦਰਤ ਕਰਨ ਦੇ ਉਦੇਸ਼ ਨੂੰ ਮੱਦੇਨਜ਼ਰ ਰੱਖਦਿਆਂ 'ਅਜੋਕੇ ਪ੍ਰਸੰਗ 'ਚ ਬੱਬਰ ਅਕਾਲੀ ਲਹਿਰ' ਵਿਸ਼ੇ ਉਪਰ ਵਿਦਵਾਨ ਵਿਚਾਰ ਪੇਸ਼ ਕਰਨਗੇ।

ਉਨ੍ਹਾਂ ਦੱਸਿਆ ਕਿ ਇਸ ਵਿਚਾਰ-ਚਰਚਾ 'ਚ ਮੁੱਖ ਤੌਰ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ, ਕਮੇਟੀ ਮੈਂਬਰ ਵਰਿਆਮ ਸਿੰਘ ਸੰਧੂ ਅਤੇ ਚਰੰਜੀ ਲਾਲ ਕੰਗਣੀਵਾਲ ਵਿਚਾਰ ਰੱਖਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਦੇਸ਼ ਭਗਤ, ਜਮਹੂਰੀ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਵਾਰਸ ਵਿਅਕਤੀਆਂ ਨੂੰ ਪਰਿਵਾਰਾਂ ਸਮੇਤ ਇਸ ਸਮਾਗਮ 'ਚ ਸ਼ਿਰਕਤ ਕਰਨ ਅਤੇ ਵਿਚਾਰ-ਚਰਚਾ ਨੂੰ ਅਮੀਰ ਬਣਾਉਣ 'ਚ ਯੋਗਦਾਨ ਪਾਉਣ ਲਈ ਪੁਰਜ਼ੋਰ ਅਪੀਲ ਕੀਤੀ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਧੂਮ-ਧਾਮ ਨਾਲ ਮਨਾਇਆ



**ਜਲੰਧਰ–** ਸ੍ਰੀ ਗੁਰੂ ਰਵਿਦਾਸ ਵੈਲਫੇਅਰ ਐਸੋਸੀਏਸ਼ਨ ਸੋਫੀ ਪਿੰਡ ਵੱਲੋਂ ਨਗਰ ਨਿ-ਵਾਸੀਆਂ ਦੇ ਸਹਿਯੋਗ ਨਾਲ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ ਬੜੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂ ਰਵਿਦਾਸ ਅੰਮਿਤ ਬਾਣੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਕੀਰਤਨ ਦਰਬਾਰ ਸਜ-ਾਇਆ ਗਿਆ।

ਇਸ ਸ਼ੁਭ ਮੌਕੇ 'ਤੇ ਸਮਾਜ ਸੇਵਕਾਂ ਅਤੇ ਉੱਘੀਆਂ ਸ਼ਖਸੀਅਤਾਂ ਨੂੰ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਮੁਲਖ ਰਾਜ ਸਾਂਪਲਾ, ਸ੍ਰੀ ਬਿਰਜ ਲਾਲ ਸਾਂਪਲਾ ਅਤੇ ਸ੍ਰੀ ਸ਼ਾਮ ਲਾਲ ਬਾਂਪਲਾ ਵੱਲੋਂ ਐਡਵੋਕੇਟ ਸ੍ਰੀ ਹਰਭਜਨ ਦਾਸ ਸਾਂਪਲਾ ਨੂੰ ਸਿਰੋਪਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।ਬਾਅਦ ਵਿਚ ਐਡਵੋਕੇਟ ਹਰਭਜਨ ਸਾਂਪਲਾ, ਨਸੀਬ ਚੰਦ, ਬ੍ਰਿਜ ਲਾਲ, ਸੁਰਿੰਦਰ ਪੰਚ ਅਤੇ ਜਗਦੀਸ਼ ਰਾਣਾ, ਬੀ. ਐਸ. ਪੀ. ਵੱਲੋਂ ਹੋਰ ਵਿਅਕਤੀਆਂ ਨੂੰ ਵੀ ਸਿਰੋਪੇ ਭੇਂਟ ਕੀਤੇ ਗਏ, ਜਿਹਨਾਂ ਵਿਚ ਸ੍ਰੀ ਜੋਗਿੰਦਰ ਪਾਲ, ਪਵਨ ਸਾਂਪਲਾ ਟੀਚਰ, ਵਿਜੈ ਕੁਮਾਰ, ਰਜਿੰਦਰ ਕੁਮਾਰ ਲੈਕਚਰਾਰ, ਸ੍ਰੀਮਤੀ ਅਰਚਨਾ ਪ੍ਰਿੰਸੀਪਲ, ਗੁਰਮੀਤ ਲਾਲ ਸਾਂਪਲਾ, ਸੁਖਦੇਵ ਸੇਬੀ, ਸ਼ਾਮ ਲਾਲ, ਮੁਲਖ ਰਾਜ, ਨਸੀਬ ਚੰਦ, ਲੈਂਮਬਰ ਚੰਦ, ਲਾਲ ਚੰਦ, ਸੁਰੇਸ਼ ਕੁਮਾਰ, ਕੀਮਤੀ ਲਾਲ ਟੀਚਰ, ਹੰਸ ਰਾਜ ਸ਼ਰਮਾ, ਬਨਾਰਸੀ ਦਾਸ ਸਾਬਕਾ ਫੌਜੀ ਤੇ ਹੋਰ ਬਹੁਤ ਸਾਰੇ ਸ਼ਰਧਾਲੂਆਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬੱਚਿਆਂ ਨੂੰ ਕਾਪੀਆਂ-ਕਿਤਾਬਾਂ ਵੀ ਵੰਡੀਆਂ ਗਈਆਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org





ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮ ਤੁਮ੍ਹਾਰੇ ਲੇਖੇ॥

ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)
California- 95673 (Ph) 916-992-1710

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਮਹੀਨਾਵਾਰ ਸਮਾਗਮ
ਅਖੰਡ ਪਾਠ ਸਾਹਿਬ ਦੀ ਸੇਵਾ:

ਸੁੱਖ ਰਾਮ ਚੰਦੜ ਅਤੇ ਪਰਿਵਾਰ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
9 ਫਰਵਰੀ 2018, ਸਵੇਰੇ 10 ਵਜੇ
ਭੋਗ 11 ਫਰਵਰੀ 2018, ਸਵੇਰੇ
10 ਵਜੇ ਤੋਂ 2 ਵਜੇ ਤੱਕ

ਹਰਬੰਸ ਰੱਲ੍ਹ ਅਤੇ ਅਮਰਜੀਤ ਸਿੰਘ
ਅਤੇ ਸਮੂਹ ਪਰਿਵਾਰ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
16 ਫਰਵਰੀ 2018, ਸਵੇਰੇ 10 ਵਜੇ
ਭੋਗ 18 ਫਰਵਰੀ 2018, ਸਵੇਰੇ
10 ਵਜੇ ਤੋਂ 2 ਵਜੇ ਤੱਕ

ਬ੍ਰਹਮ ਗਿਆਨੀ ਸੰਤ ਦਰਸ਼ਨ ਦਾਸ ਜੀ
ਨਗਰ ਵਾਲੇ ਮਹਾਂਪੁਰਸ਼ (ਫਿਲੌਰ) ਸਮੂਹ
ਸਾਧ ਸੰਗਤ ਸੇਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
23 ਫਰਵਰੀ 2018, ਸਵੇਰੇ 10 ਵਜੇ
ਭੋਗ 25 ਫਰਵਰੀ 2018,
ਸਵੇਰੇ 10 ਵਜੇ ਤੋਂ 2 ਵਜੇ ਤੱਕ

ਗੁਰੂ ਰਵਿਦਾਸ ਟੈਂਪਲ ਨੌਜਵਾਨ ਸਭਾ,
ਸੈਕਰਾਮੈਂਟੋ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
2 ਮਾਰਚ 2018, ਸਵੇਰੇ 10 ਵਜੇ
ਭੋਗ 4 ਮਾਰਚ 2018, ਸਵੇਰੇ
10 ਵਜੇ ਤੋਂ 2 ਵਜੇ ਤੱਕ

18ਵਾਂ ਮਹਾਨ ਨਗਰ ਕੀਰਤਨ
11 ਮਾਰਚ 2018
ਗੁਰੂ ਰਵਿਦਾਸ ਟੈਂਪਲ ਅਤੇ
ਸਮੂਹ ਸਾਧ ਸੰਗਤ, ਰਿਓ ਲਿੰਡਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
8 ਮਾਰਚ 2018, ਸਵੇਰੇ 10 ਵਜੇ
ਸ਼ਾਮ 6 ਵਜੇ ਤੱਕ ਬੁਲਾਰੇ ਅਤੇ ਕੀਰਤਨ ਦਰਬਾਰ
ਭੋਗ 11 ਮਾਰਚ 2018, ਸਵੇਰੇ
10 ਵਜੇ ਤੋਂ 2 ਵਜੇ ਤੱਕ

ਹੋਰ ਜਾਣਕਾਰੀ ਲਈ
ਸੰਪਰਕ ਕਰੋ ਜੀ:
ਅਜੈ ਪਡਵੰਗਾ
(916) 462-7300
ਭਾਈ ਨਿਰਮਲ ਸਿੰਘ
(916) 410-9564
ਭਾਈ ਜਸਪਾਲ ਸਿੰਘ
(916) 274-9278
ਰਮੇਸ਼ ਬੰਗੜ
(916) 821-2175
ਬਲਵਿੰਦਰ ਰੱਲ੍ਹ
(916) 425-2705

ਅਖੰਡ ਪਾਠ ਸਾਹਿਬ ਦੀ ਸੇਵਾ ਲੈਣ ਲਈ ਸੰਪਰਕ ਕਰੋ: 916-992-1719

# ਹਰਮਨ ਪਿਆਰੇ ਗਾਇਕ ਸਾਬਰ ਕੋਟੀ ਨੂੰ ਸੰਗੀਤ ਜਗਤ ਦੀਆਂ ਹਸਤੀਆਂ ਨੇ ਦਿੱਤੀਆਂ ਸ਼ਰਧਾਂਜਲੀਆਂ

**ਲੁਧਿਆਣਾ (ਰਣਜੀਤ ਕਲਸੀ)–** ਪੰਜਾਬ ਦੇ ਸਿਰਮੌਰ ਪੰਜਾਬੀ ਸੂਫ਼ੀ ਗਾਇਕ ਸਾਬਰ ਕੋਟੀ ਦੀ ਅੰਤਿਮ ਅਰਦਾਸ ਮੌਕੇ ਉਹਨਾਂ ਨੂੰ ਸੈਂਕੜੇ ਕਲਾਕਾਰਾਂ ਸਮੇਤ ਵੱਖ-ਵੱਖ ਵਰਗਾਂ ਦੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸ਼ਖਸ਼ੀਅਤਾਂ ਵਲੋਂ ਸ਼ਰਧਾਂਜਲੀਆਂ ਉਨ੍ਹਾਂ ਦੇ ਜੱਦੀ ਪਿੰਡ ਕੋਟ ਕਰਾਰ ਖਾਂ ਵਿਖੇ ਦਿੱਤੀਆਂ ਗਈਆਂ। ਇਸ ਤੋਂ ਪਹਿਲਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਵਨ ਬਾਣੀ ਦੇ ਜਾਪ ਕੀਤੇ ਗਏ, ਉਪੰਰਤ ਭਾਈ ਜੋਗਿੰਦਰ ਸਿੰਘ ਰਿਆੜ ਵਲੋਂ ਸੰਗਤ ਨੂੰ ਵੈਰਾਗਮਈ ਕੀਰਤਨ ਸਰਵਣ ਕਰਵਾਇਆ ਗਿਆ। ਸੰਗੀਤ ਜਗਤ ਦੀਆਂ ਵੱਖ-ਵੱਖ ਹਸਤੀਆਂ ਨੇ ਆਪਣੀ ਸ਼ਰਧਾ ਅਕੀਦਤ ਵਿਛੜੇ ਕਲਾਕਾਰ ਨੂੰ ਅਰਪਿਤ ਕਰਦਿਆਂ ਕਿਹਾ ਕਿ ਸਵ. ਸਾਬਰ ਕੋਟੀ ਦਾ ਨਾਮ ਰਹਿੰਦੀ ਦੁਨੀਆਂ ਤੱਕ ਉਸ ਦੀ ਸੁਰੀਲੀ ਸੁਰ ਕਾਰਨ ਅਮਿੱਟ ਰਹੇਗਾ। ਇਸ ਮੌਕੇ ਪਿੰਡ ਕੋਟ ਕਰਾਰ ਖਾਂ ਵਿਖੇ ਸਾਬਰ ਕੋਟੀ ਦੀ ਯਾਦਗਾਰ ਬਣਾਉਣ ਸਬੰਧੀ ਵੀ ਹਾਜ਼ਰੀਨ ਨੇ ਬਚਨ ਬੱਧਤਾ ਲਈ। ਜਿਸ ਨਾਲ ਸਾਬਰ ਕੋਟੀ ਦੀ ਯਾਦ ਲੋਕ ਦਿਲਾਂ ਸਦਾ ਲਈ ਅਮਰ ਬਣੀ ਰਹੇਗੀ। ਇਸ ਮੌਕੇ ਸੰਗੀਤ ਸਮਰਾਟ ਚਰਨਜੀਤ ਅਹੂਜਾ, ਉਸਤਾਦ ਪੂਰਨ ਸ਼ਾਹਕੋਟੀ, ਪਦਮ ਸ਼੍ਰੀ ਹੰਸ ਰਾਜ ਹੰਸ, ਲੋਕ ਗਾਇਕ ਸੁਰਿੰਦਰ ਸ਼ਿੰਦਾ, ਜਨਾਬ ਸਰਦੂਲ ਸਿਕੰਦਰ, ਗੁਰਲੇਜ਼ ਅਖ਼ਤਰ, ਕੁਲਵਿੰਦਰ ਕੈਲੀ, ਮਾਸ਼ਾ ਅਲੀ, ਉਸਤਾਦ ਸ਼ੌਕਤ ਅਲੀ ਮਤੋਈ, ਫਿਰੋਜ਼ ਖਾਨ, ਰਾਜਨੀਤਿਕ ਆਗੂ ਗੁਰਜੀਤ ਰਾਣਾ, ਸੁਰਿੰਦਰ ਲਾਡੀ, ਦੇਬੀ ਮਖਸੂਸਪੁਰੀ, ਸਤਵਿੰਦਰ ਬੁੱਗਾ, ਸੁਰਿੰਦਰਜੀਤ ਮਖਸੂਸਪੁਰੀ, ਬੂਟਾ ਮੁਹੰਮਦ, ਪ੍ਰਸਿੱਧ ਗੀਤਕਾਰ ਮੰਗਲ ਹਠੂਰ, ਮਦਨ ਜਲੰਧਰੀ, ਵਿਨੋਦ ਸ਼ਾਇਰ, ਦਲਵਿੰਦਰ ਦਿਆਲਪੁਰੀ, ਵਿਜੇ ਧੰਮੀ, ਬੌਬੀ ਧੰਨੋਵਾਲੀ, ਗੋਲਡਨ ਸਟਾਰ ਮਲਕੀਤ ਸਿੰਘ, ਰਣਜੀਤ ਰਾਣਾ, ਕਲੇਰ ਕੰਠ, ਸੁੱਚਾ ਰੰਗੀਲਾ, ਦਲਜੀਤ ਹੰਸ, ਕੁਲਦੀਪ ਚੁੰਬਰ, ਹੈਪੀ ਮਨੀਲਾ, ਅਲਮਸਤ ਦੇਸਰਪੁਰੀ, ਦਰਸ਼ਨ ਕੁਮਾਰ (ਟੀ ਸੀਰੀਜ਼ ਕੰਪਨੀ), ਜੈਸਮੀਨ ਅਖ਼ਤਰ, ਗਿੱਲ ਹਰਦੀਪ, ਸਟੇਜ ਸੰਚਾਲਕ ਬਲਦੇਵ ਰਾਹੀ, ਐਂਕਰ ਦਿਨੇਸ਼, ਕਮੇਡੀਅਨ ਭੋਟੂ ਸ਼ਾਹ, ਗਾਇਕਾ ਅਨਮੋਲ ਵਿਰਕ, ਗਾਇਕਾ ਰੰਜਨਾ, ਸਰਦਾਰ ਅਲੀ, ਸੋਹਣ ਸਿਕੰਦਰ, ਡਾ. ਸੁਖਦੇਵ, ਹਰਜੋਤ ਬਾਂਸਲ, ਬਿੰਦਰ ਕਰਮਜੀਤਪੁਰੀ, ਸੱਤੀ ਖੋਖੇਵਾਲੀਆ, ਹਰਭਜਨ ਚੌਹਾਨ, ਤਾਜ ਨਗੀਨਾ, ਕੁਲਵਿੰਦਰ ਕਿੰਦਾ, ਦਿਲਬਾਗ ਬਾਗੀ, ਕਮੇਡੀਅਨ ਜਗਤਾ ਭਗਤਾ, ਰਜਿੰਦਰ ਸਨਮ, ਨਿਰਮਲ ਸਿੱਧੂ, ਹਰਜਿੰਦਰ ਕੂੱਕੂ, ਸ਼ੰਮੀ ਖਾਨ, ਜੀਤ ਖਾਨ, ਸ਼ੰਮੀ ਵਰਿਆਣਾ, ਲਾਲ ਚੰਦ, ਬਿੱਟੂ ਅਰੋੜਾ, ਜਸਵਿੰਦਰ ਅਜ਼ਾਦ, ਇੰਸ. ਗੁਰਦੀਪ ਸਿੰਘ, ਸਰਪੰਚ ਸੁਰਜੀਤ ਸਿੰਘ ਨਾਰੰਗਪੁਰ, ਨਛੱਤਰ ਗਿੱਲ, ਜ਼ਮੀਲ ਅਖ਼ਤਰ, ਅੰਮ੍ਰਿਤ ਸਾਹਬ, ਸ਼ਰੀਫ ਦਿਲਦਾਰ, ਨਿਸ਼ਾਨ ਉਚੇਵਾਲਾ, ਮੇਜਰ ਧੀਰਾ, ਸੰਗੀਤਕਾਰ ਕੁਲਜੀਤ, ਸੁਰਿੰਦਰ ਬੱਚਨ, ਅਮਦਾਦ ਅਲੀ, ਨਿਰਧਨ ਕਰਤਾਰਪੁਰੀ, ਰਮੇਸ਼ ਆਲਮ, ਵਿੱਕੀ ਬਾਦਸ਼ਾਹ, ਹਰਜਿੰਦਰ ਬੱਲ, ਅਵਤਾਰ ਸਿੰਘ ਸੇਖੋਂ ਸਾਬਕਾ ਸਰਪੰਚ, ਬੀਬੀ ਮਨਜੀਤ ਕੌਰ, ਦਰਸ਼ਨ ਸਿੰਘ ਚੇਅਰਮੈਨ, ਅਮਨ ਅਲਾਪ, ਗਗਨ ਥਿੰਦ, ਜਸਵਿੰਦਰ ਪਾੜਾ, ਰਜਿੰਦਰ ਪ੍ਰਦੇਸੀ, ਮੀਤਾ ਜਲੰਧਰੀ, ਕਾਕੂ ਸ਼ਾਹਕੋਟੀ, ਮੰਗੀ ਮਾਹਲ, ਸੁਖਬੀਰ ਰਾਣਾ, ਪ੍ਰਵੇਜ ਪੇਜੀ, ਸੁਰਿੰਦਰ ਖਾਨ, ਜਸਵੰਤ ਜੱਸਾ, ਗੁਰਮੇਸ਼ ਸ਼ਰ-ਮੀਲਾ, ਦਰਸ਼ਨ ਸਿੰਘ, ਕਮਾਲ ਹੰਸ, ਰਮੇਸ਼ ਵਰਿਆਣਵੀ, ਸੁੱਖੀ ਬਰਾੜ, ਅਮਰੀਕ ਭੁੱਲਰ, ਸੁੱਖ ਚਮਕੀਲਾ, ਪਾਲੀ ਦੇਤਵਾਲੀਆ, ਬਲਵੀਰ ਤੱਖੀ, ਜਤਿਨ ਬੱਬਰ, ਦਲਜੀਤ ਬਿੱਟੂ, ਜਤਿੰਦਰ ਜੀਤੂ, ਬੀ ਐਸ ਜੱਖੂ, ਬੀ ਕੇ ਮਾਨ, ਜਗਦੀਸ਼ ਖੋਸਲਾ, ਰਾਣਾ ਵੈਂਡਲ ਤੋਂ ਇਲਾਵਾ ਧਾਰਮਿਕ ਸ਼ਖਸ਼ੀਅਤਾਂ ਵਜੋਂ ਬਾਲ ਯੋਗੀ ਬਾਬਾ ਪ੍ਰਗਟ ਨਾਥ ਰਹੀਮਪੁਰ, ਸਾਈਂ ਉਮਰੇ ਸ਼ਾਹ ਮੰਢਾਲੀ ਦਰਬਾਰ, ਹਜ਼ਰਤ ਦਾਤਾ ਸ਼ਾਹ ਕਮਾਲ ਦਰਬਾਰ, ਸਾਈਂ ਜੁੰਮਲੇ ਸ਼ਾਹ ਦਰਬਾਰ ਉਦੇਸੀਆਂ, ਸਾਈਂ ਜੀਤ ਸ਼ਾਹ ਰੁੜਕਾ, ਸਾਈਂ ਫ਼ੱਕਰ ਸ਼ਾਹ ਦਾਦੂਵਾਲ, ਸੰਤ ਤੀਰਥ ਨਾਥ ਜੀ, ਦਿਵਿਆ ਜੋਤੀ ਸੰਸਥਾਨ ਨੂਰਮਹਿਲ, ਸਾਈਂ ਮਧੂ ਜੀ, ਗੁਰਨਾਮ ਸਿੰਘ ਗਾਜੀਪੁਰ, ਅਮਰਜੀਤ ਕੌਰ, ਦਰਸ਼ਨ ਸਿੰਘ ਕੋਟ ਕਰਾਰ ਖਾਂ, ਪਰਮਜੀਤ, ਸਰਪੰਚ ਅਵਤਾਰ ਸਿੰਘ, ਮੇਵਾ ਸਿੰਘ, ਐਡਵੋਕੇਟ ਰਾਜਵੀਰ, ਅਮਰੀਕ ਮਾਈਕਲ, ਮਨਜੀਤ ਸਿੰਘ ਸੋਹਲ, ਜਗੀਰ ਸਿੰਘ ਬਡਾਲਾ, ਮਾ. ਗੁਰਦੇਵ ਸਿੰਘ, ਐਡਵੋਕੇਟ ਅਮਰਜੀਤ ਸਿੰਘ ਹਲਕਾ ਇੰਚਾ. ਕਪੂਰਥਲਾ, ਤਜਿੰਦਰ ਸਿੰਘ ਬਿੱਟੂ, ਰੌਸ਼ਨ ਲਾਲ ਸੱਭਰਵਾਲ, ਅਮਰਜੀਤ ਸਿੰਘ ਸਿੱਧੂ, ਸੀਤਲ ਦਾਸ, ਅਜਮੇਰ ਸਿੰਘ ਸਹੋਤਾ, ਤਲਵਿੰਦਰ ਸਿੰਘ ਯੂ ਕੇ, ਸੁੱਖਾ ਹਰੀਪੁਰ, ਹਰਮਨ ਹੈਪੀ, ਰਾਜਵੀਰ ਸਿੰਘ ਐਡਵੋਕੇਟ, ਮਨਵੀਰ ਸਿੰਘ ਬੱਲ, ਗੁਰਮੀਤ ਸਿੰਘ, ਬਲਵੰਤ ਸਿੰਘ ਬਾਗੀ, ਪਰਮਜੀਤ ਪੰਮਾ, ਜਰਨੈਲ ਸਿੰਘ ਪੰਚ, ਰਾਜਵਿੰਦਰ, ਮਾ. ਗੁਰਦੇਵ ਸਿੰਘ, ਰਾਜਵਿੰਦਰ ਪਾਲ, ਅੰਮ੍ਰਿਤ ਸਮੇਤ ਵੱਡੀ ਕਲਾ ਪ੍ਰੇਮੀਆਂ ਹਾਜ਼ਰ ਸਨ, ਜਿੰਨ੍ਹਾਂ ਨੇ ਸਾਬਰ ਕੋਟੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਹ ਆਪਣੇ ਪਿੱਛੇ ਆਪਣੀ ਪਤਨੀ ਰੀਟਾ ਸਾਬਰ, ਦੋ ਬੇਟੇ ਤੇ ਇਕ ਬੇਟੀ ਛੱਡ ਗਏ।



# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਯੂਬਾ ਸਿਟੀ/ਸੈਕਰਾਮੈਂਟੋ ਦੀ ਮਹੀਨਾਵਾਰ ਮੀਟਿੰਗ

**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਯੂਬਾ ਸਿਟੀ/ਸੈਕਰਾਮੈਂਟ ਦੀ ਮਹੀਨਾਵਾਰ ਮੀਟਿੰਗ 28 ਜਨਵਰੀ ਨੂੰ ਯੂਬਾ ਸਿਟੀ ਗੁਰੂ ਘਰ ਟਾਇਰਾ ਬਿਉਨਾ ਦੇ ਕਮਿਊਨਿਟੀ ਹਾਲ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਸ਼ੁਰੂਆਤ ਸਭਾ ਦੇ ਸਕੱਤਰ ਗੋਗੀ ਸੰਧੂ ਅਤੇ ਆਰਗੇਨਾਈਜ਼ਰ ਪਰਮਿੰਦਰ ਰਾਏ ਖਾਨਖਾਨਾ ਦੇ ਧਰਮਿਕ ਸ਼ਬਦਾਂ ਦਾ ਗਾਇਨ ਕਰਕੇ ਹੋਈ। ਇਸ ਪਿੱਛੋਂ ਸਾਹਿਤਕਾ ਗੁਰਪਾਲ ਲਿੱਟ, ਡਾ. ਦਲਜੀਤ ਸਿੰਘ ਅਤੇ ਸੁਰੀਲੇ ਗਾਇਕ ਸਾਬਰ ਕੋਟੀ ਹੋਰਾਂ ਦੀ ਆਤਮਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਿਆ ਗਿਆ। ਸਭਾ ਦੇ ਪ੍ਰਧਾਨ ਜਸਵੰਤ ਜੱਸੀ ਸ਼ੀਮਾ ਨੇ ਹਰਬੰਸ ਸਿੰਘ ਜਗਿਆਸੂ ਦੀ ਪ੍ਰੇਰਨਾ ਨਾਲ ਨਵੇਂ ਬਣੇ ਮੈਂਬਰ ਨੀਨਾ ਜੌਹਲ ਅਤੇ ਗਾਇਕ ਅਤੇ ਲੇਖਕ ਰਾਜਵਿੰਦਰ ਟੀਟਾ ਦੇ ਸਭਾ ਦੇ ਮੈਂਬਰ ਬਣਨ ਤੇ ਉਹਨਾਂ ਨੂੰ ਜੀ ਆਇਆਂ ਕਿਹਾ ਅਤੇ ਖੁਸ਼ੀ ਜਾਹਿਰ ਕੀਤੀ। ਉਪਰੰਤ ਕਾਰਜਕਾਰਨੀ ਦੀ ਮੀਟਿੰਗ ਵਿਚ ਬੋਰਡ ਆਫ ਡਾਇਰੈਕਟਰਜ਼ ਦੀ ਜੋ ਚੋਣ ਕੀਤੀ ਗਈ, ਉਹਨਾਂ ਦੇ ਨਾਵਾਂ ਦੀ ਵੀ ਘੋਸ਼ਣਾ ਕੀਤੀ ਜੋ ਕਿ ਇਸ ਤਰ੍ਹਾਂ ਹਨ: ਹਰਬੰਸ ਸਿੰਘ ਜਗਿਆਸੂ ਅਤੇ ਮਹਿੰਦਰ ਸਿੰਘ ਘੱਗ (ਸਥਾਈ ਮੈ ਤੋਂ ਇਲਾਵਾ



ਰਾਠੇਸ਼ਵਰ ਸਿੰਘ ਸੂਰਾਪੁਰੀ, ਦਿਲ ਨਿੱਜਰ ਅਤੇ ਗੁਰਪਾਲ ਸਿੰਘ ਖਹਿਰਾ ਹਨ। ਇਸ ਮੌਕੇ ਉਤੇ ਨਿਰਮਲ ਸਿੰਘ ਲਾਲੀ ਹੋਰਾਂ ਦੀ ਕਿਤਾਬ 'ਮੇਰੀ ਸੋਚ ਦੀ ਤੇਈਵੀਂ ਮੰਜ਼ਿਲ' ਰਿਲੀਜ਼ ਕੀਤੀ ਗਈ। ਉਹਨਾਂ ਵੱਲੋਂ ਅਤੇ ਨੀਨਾ ਜੌਹਲ, ਰਾਜਵਿੰਦਰ ਟੀਟਾ ਵੱਲੋਂ ਸਭਾ ਦੀ ਮਾਲੀ ਸਹਾਇਤਾ ਵੀ ਕੀਤੀ।

ਚਾਹ-ਪਾਣੀ ਦੀ ਬਰੇਕ ਤੋਂ ਬਾਅਦ ਕਵੀ ਦਰਬਾਰ ਵਿਚ ਜਿਹਨਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਉਹਨਾਂ ਦੇ ਨਾਂ ਹਨ: ਜਸਵੰਤ ਜੱਸੀ ਸ਼ੀਮਾਰ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਹਰਭਜਨ ਸਿੰਘ ਢੇਰੀ, ਇਕਵਿੰਦਰ ਸਿੰਘ ਢੱਟ, ਮਨਜੀਤ ਸੇਖੋਂ, ਅਜੈਬ ਚੀਮਾ, ਪਰਮਿੰਦਰ ਰਾਏ ਖਾਨਖਾਨਾ, ਗੋਗੀ ਸੰਧੂ, ਨਿਰਮਲ ਸਿੰਘ ਲਾਲੀ, ਰਾਜਵਿੰਦਰ ਟੀਟਾ, ਜੋਗਿੰਦਰ ਸ਼ੌਂਕੀ, ਅਮਰਜੀਤ ਸਿੰਘ ਔਜਲਾ, ਅਜਮੇਰ ਸਿੰਘ, ਸੋਹਣ ਲਾਲ ਖਟਕੜ, ਕੁਲਵਿੰਦਰ ਢਿੱਲੋਂ ਅਤੇ ਬੱਚੀਆਂ ਚਰਨਜੋਤ ਢਿੱਲੋਂ, ਰਵਨੀਤ ਢਿੱਲੋਂ। ਸਟੇਜ ਦੀ ਸੇਵਾ ਗੋਗੀ ਸੰਧੂ ਵੱਲੋਂ ਬਾਖ਼ੂਬੀ ਨਿਭਾਈ ਗਈ। ਅੰਤ ਵਿਚ ਪੰਜਾਬ ਸਾਹਿਤ ਸਭਾ ਕੈਲੇਫੋਰਨੀਆ ਗੁਰੂ ਘਰ ਦੀ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ।

## ਨਕਸ਼ਾ-ਏ-ਪੰਜਾਬ

ਭੇਖਧਾਰੀਆਂ ਧਰਮ ਅਗਵਾ ਕਰਿਆ
ਲੋਕੀ ਦੇਖ ਕੇ ਹੋਏ ਹੈਰਾਨ ਮੀਆਂ।

ਲੋਕ-ਹਿਤਾਂ ਲਈ ਜੂਝਦੇ ਫਟੇ ਬੈਠੇ
ਮੁੜ ਕੇ ਜੁੜਨ ਦੇ ਕਰਨ ਐਲਾਨ ਮੀਆਂ।

ਆਮ ਬੰਦੇ ਨੇ ਲਾ ਲਿਆ ਜੋਰ ਪੂਰਾ
ਰਹਿ ਗਏ ਦਿਲਾਂ ਦੇ ਵਿਚ ਅਰਮਾਨ ਮੀਆਂ।

ਚੋਣਾਂ ਵਿਚ ਨਕਾਰਿਆ 'ਨੀਲਿਆਂ' ਨੂੰ
ਗਾਉਂਦੇ ਫਿਰਨ ਪੁਰਾਣੀ ਹੀ ਤਾਨ ਮੀਆਂ।

ਰਾਜ ਭਾਗ 'ਤੇ ਪਕੜ ਮਜ਼ਬੂਤ ਹੈ ਨੀ
ਪੰਜੇ ਵਾਲੇ ਜਿਉਂ ਹੋਣ ਨਾਦਾਨ ਮੀਆਂ।

ਸਾਰੇ ਫਲਸਫੇ ਹੰਭ ਗਏ ਜਾਪਦੇ ਨੇ
'ਗੜਬੜ ਚੌਥ' ਹੀ ਬਣੀ ਪ੍ਰਧਾਨ ਮੀਆਂ!



ਤਰਲੋਚਨ ਸਿੰਘ ਦੁਪਾਲਪੁਰ
001-408-915-1268


## Executive Member List of Shri Guru Ravidass Sabha Bay Area (California)



Vinod Kumar Chumber (Chairman) 510-953-9800
Harmesh lal Modara (Sr Vice Chairman) 510-386-1702
Sohan Lal Jhally (Vice Chairman) 510-552-6107
Kewal Singh (President) 510-299-6418
Mohinder Singh Mahi (Sr Vice President) 510-677-2236
Ajaib Singh (Vice President) 510-676-8970
Shiv Sidhu (General Secratory) 510-386-2715
Amarjit Singh Mahi (Asstt Secratory) 408-394-4380
Tarlochan Singh (Treasure) 510-712-1743
Amandeep Singh (Asstt Treasure) 510-709-5326
Reena Sidhu (Asstt Treasure) 510-386-2715
Surinder Soni (Auditor) 510-673-9606

## 'ਦੇਸ਼ ਦੁਆਬਾ'
### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com


## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

ਦੇਸ਼ ਦੁਆਬਾ

# ਕੁਝ ਗੱਲਾਂ ਗੁਆਂਢ ਬਾਰੇ

ਭਾਰਤ ਅਤੇ ਪਾਕਿਸਤਾਨ ਇਕੋ ਸਮੇਂ ਆਜ਼ਾਦ ਹੋ ਨਵੇਂ ਰੂਪ ਵਿਚ ਹੋਂਦ ਵਿਚ ਆਏ ਸਨ ਪਰ ਇੰਨੇ ਲੰਮੇ ਵਕਫੇ ਤੋਂ ਬਾਅਦ ਵੀ ਦੋਵੇਂ ਮੁਲਕਾਂ ਵਿਚਕਾਰ ਕਸ਼ੀਦਗੀ ਇੰਨੀ ਜ਼ਿਆਦਾ ਹੈ ਕਿ ਕਿਸੇ ਵਕਤ ਵੀ ਵੱਡੀ ਜੰਗ ਛਿੜਨ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਨੂੰ ਲੈ ਕੇ ਕਈ ਕਿਸਮ ਦੇ ਤਰਕ ਅਤੇ ਦਲੀਲਾਂ ਸਾਹਮਣੇ ਆਉਂਦੀਆਂ ਹਨ ਪਰ ਅਸਲੀਅਤ ਨੂੰ ਕੋਈ ਪਛਾਨਣ ਲਈ ਤਿਆਰ ਨਹੀਂ। ਸਰਹੱਦ ਉਤੇ ਹਰ ਰੋਜ਼ ਗੋਲੀਆਂ ਚੱਲ ਰਹੀਆਂ ਹਨ, ਦੋਵੇਂ ਮੁਲਕਾਂ ਦੇ ਫੌਜੀ ਮਾਰੇ ਜਾ ਰਹੇ ਹਨ। ਦੋਵੇਂ ਮੁਲਕ ਇਸ ਤੋਂ ਪ੍ਰੇਸ਼ਾਨ ਹਨ ਪਰ ਹੱਲ ਦੀ ਦਿਸ਼ਾ ਵੱਲ ਕੋਈ ਵਧਦਾ ਨਜ਼ਰ ਨਹੀਂ ਆ ਰਿਹਾ। ਹਾਲਾਂਕਿ ਦੋਵੇਂ ਮੁਲਕਾਂ ਦੀਆਂ ਅੰਦਰੂਨੀ ਸਥਿਤੀਆਂ ਕੁਝ ਵੱਖਰੀਆਂ ਹੋ ਸਕਦੀਆਂ ਹਨ ਪਰ ਲੋਕ ਦੋਵੇਂ ਮੁਲਕਾਂ ਦੇ ਇਕੋ ਜਿਹੇ ਹਨ। ਜਦੋਂ ਦੋਵੇਂ ਮੁਲਕ ਆਜ਼ਾਦ ਹੋਏ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪਾਕਿਸਤਾਨ ਗਏ ਅਤੇ ਦੋਸਤੀ ਅਤੇ ਅਮਨ ਦੀ ਦਿਸ਼ਾ ਵਿਚ ਇਕ ਹਵਾ ਚੱਲੀ, ਪਰ ਪਾਕਿਸਤਾਨ ਦੀ ਹੋਂਦ ਜਿਸ ਧਾਰਮਿਕ ਆਧਾਰ ਤੇ ਰੱਖੀ ਸੀ, ਉਹ ਅੜਿੱਕਾ ਬਣ ਗਿਆ ਅਤੇ ਪਾਕਿਸਤਾਨ ਨੇ 1962 ਵਿਚ ਭਾਰਤ ਤੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਪ੍ਰਸਥਿਤੀਆਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਵਕਤ ਸੁਧਾਰਨ ਦੀ ਕੋਸ਼ਿਸ਼ ਕੀਤੀ ਪਰ ਪਾਕਿਸਤਾਨ ਨੇ ਫਿਰ ਕਾਰਗਿਲ ਤੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਭਾਰਤ ਨੇ ਪਾਕਿਸਤਾਨ ’ਤੇ ਵਿਸ਼ਵਾਸ ਕਰਨਾ ਹੀ ਬੰਦ ਕਰ ਦਿੱਤਾ। ਇਹ ਤਾਂ ਕੁਝ ਅੰਦਰੂਨੀ ਕਾਰਨ ਹਨ ਪਰ ਇਸ ਵਕਤ ਬਾਹਰੀ ਕਾਰਨ ਜ਼ਿਆਦਾ ਕੰਮ ਕਰ ਰਹੇ ਹਨ।

ਪਾਕਿਸਤਾਨ ਜ਼ਿਆਦਾਤਰ ਅਮਰੀਕਾ ਵੱਲ ਝੁਕਾਅ ਰੱਖਦਾ ਰਿਹਾ ਹੈ। ਅਮਰੀਕੀ ਹਿੱਤਾਂ ਦੀ ਪੂਰਤੀ ਲਈ ਪਾਕਿਸਤਾਨ ਨੇ ਅਫਗਾਨਿਸਤਾਨ ਨੂੰ ਬਰਬਾਦ ਕਰ ਦਿੱਤਾ ਅਤੇ ਫਿਰ ਅਮਰੀਕੀ ਹਿੱਤਾਂ ਲਈ ਦੁਬਾਰਾ ਫਿਰ ਬਰਬਾਦੀ ਦੇ ਕਿਨਾਰੇ ਪਹੁੰਚਾ ਦਿੱਤਾ। ਹੁਣ ਪਾਕਿਸਤਾਨ ਨੂੰ ਅਮਰੀਕਾ ਤਵੱਜੋਂ ਨਹੀਂ ਦਿੰਦਾ ਤਾਂ ਉਹ ਚੀਨ ਦੀ ਗੋਦ ਵਿਚ ਚਲਾ ਗਿਆ। ਚੀਨ ਨੇ ਅਫਰੀਕਾ, ਸ਼੍ਰੀਲੰਕਾ ਸਮੇਤ ਕਈ ਮੁਲਕਾਂ ਨਾਲ ਜਿਸ ਤਰ੍ਹਾਂ ਵਰਤਾਓ ਕੀਤਾ ਹੈ, ਠੀਕ ਉਹੀ ਪਾਕਿਸਤਾਨ ਦੀ ਨਾਲ ਹੋ ਸਕਦਾ ਹੈ, ਪਰ ਚੀਨ ਪਾਕਿਸਤਾਨ ਦੀ ਭਾਰਤ ਨਾਲ ਦੋਸਤੀ ਨਹੀਂ ਹੋਣ ਦੇਵੇਗਾ। ਉਸ ਨੂੰ ਆਪਣੇ ਹਿੱਤ ਪਿਆਰੇ ਹਨ। ਉਹ ਹਿੰਦ ਮਹਾਸਾਗਰ ਵਿਚ ਆਉਣਾ ਚਾਹੁੰਦਾ ਹੈ ਅਤੇ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ‘ਤੇ ਚੀਨ ਦੀ ਦਖਲਅੰਦਾਜੀ ਆਰੰਭ ਹੋ ਗਈ। ਕੀ ਹੁਣ ਉਹ ਚੀਨ ਨੂੰ ਆਪਣੇ ਮੁਲਕ ਵਿਚੋਂ ਕੱਢ ਸਕਦਾ ਹੈ? ਬਿਲਕੁਲ ਨਹੀਂ। ਪਾਕਿਸਤਾਨ ਵਿਚ ਚੀਨ ਦੇ ਖਿਲਾਫ ਮੁਹਿੰਮ ਆਰੰਭ ਹੋ ਗਈ ਹੈ। ਸਥਾਨਕ ਲੋਕਾਂ ਨੇ ਚੀਨੀਆਂ ਦਾ ਵਿਰੋਧ ਕਰਨਾ ਆਰੰਭ ਕਰ ਦਿੱਤਾ ਹੈ ਪਰ ਇਸ ਸਥਿਤੀ ਨਾਲ ਨਿਪਟਣ ਲਈ ਪਾਕਿਸਤਾਨ ਕੋਲ ਨਾ ਨੀਤੀ ਹੈ ਅਤੇ ਨਾ ਹੀ ਨੈਤਿਕਤਾ। ਇਸ ਕਰਕੇ ਸਮੱਸਿਆ ਫਿਲਹਾਲ ਹੱਲ ਨਹੀਂ ਹੋਣ ਵਾਲੀ ਅਤੇ ਹਿੰਸਾ ਅਤੇ ਦਹਿਸ਼ਤਗਰਦੀ ਦਾ ਸਿਲਸਿਲਾ ਅੱਗੇ ਵੀ ਚਲਦਾ ਰਹੇਗਾ। ਅਜਿਹੇ ਸ਼ੰਕਿਆਂ ਨੂੰ ਬਲ ਮਿਲਣਾ ਸੁਭਾਵਿਕ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-60

## ਗੁਰਬਾਣੀ ਚਾਨਣ ਵਿੱਚ ਸੋਹਿਲਾ



ਅਵਤਾਰ ਸਿੰਘ ਮਿਸ਼ਨਰੀ
510-432-5827

ਮਹਾਨ ਕੋਸ਼ ਅਨੁਸਾਰ ਸੋਹਿਲਾ-ਅਨੰਦ ਦਾ ਗੀਤ, ਸ਼ੋਭਨ ਸਮੇਂ ਵਿੱਚ ਗਾਇਆ ਗੀਤ-ਸਚੁ ਮੰਗਲੁ ਗਾਵਹੁ ਤਾ ਪ੍ਰਭੁ ਭਾਵਹੁ ਸੋਹਿਲੜਾ ਜੁਗ ਚਾਰੇ॥ (੭੬੪) ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ॥(੯੧੯) ਸੁ (ਉਤਮ) ਹੇਲਾ (ਖੇਲ) ਸ੍ਰੀ ਗੁਰੂ ਗ੍ਰੰ ਸਾਹਿਬ ਵਿੱਚ "ਸੋਹਿਲਾ" ਸਿਰਲੇਖ ਹੇਠ ਇੱਕ ਖਾਸ ਬਾਣੀ ਜਿਸ ਦਾ ਪੜ੍ਹਨਾ ਸੌਣ ਵੇਲੇ ਵਿਧਾਨ ਹੈ।

ਡਾ.ਗੁਰਚਰਨ ਸਿੰਘ ਅਨੁਸਾਰ-ਜਸ, ਕੀਰਤ, ਵਡਿਆਈ ਦਾ ਗੀਤ-ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥(੧੨) ਜਸ, ਕੀਰਤ, ਵਡਿਆਈ-ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ॥(੭੬੯) ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ॥(੮੫੪) ਏਹੁ ਸੋਹਿਲਾ ਸਬਦੁ ਸੁਹਾਵਾ॥(੯੧੯) ਖੁਸ਼ੀ ਦਾ ਗੀਤ-ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ॥(੭੭੦)

ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ-ਸੋਹਿਲਾ ਤਿੰਨ ਗੁਰੂ ਸਹਿਬਾਨਾਂ ਵੱਲੋਂ ਲਿਖੇ ਪੰਜ ਸ਼ਬਦਾਂ ਦਾ ਜੋੜ ਹੈ। ਇਸ ਵਿੱਚ ਪਹਿਲੇ ਤਿੰਨ ਸ਼ਬਦ ਗੁਰੂ ਨਾਨਕ ਸਾਹਿਬ ਦੇ, ਚੌਥਾ ਗੁਰੂ ਰਾਮਦਾਸ ਸਾਹਿਬ ਅਤੇ ਪੰਜਵਾਂ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਹੈ। ਇਸ ਬਾਣੀ ਦਾ ਪਾਠ ਸੌਣ ਤੋਂ ਪਹਿਲਾਂ ਕੀਤਾ ਜਾਂਦਾ ਹੈ। ਇਹ ਬਾਣੀ ਮਿਰਤਕ ਸਸਕਾਰ ਵੇਲੇ ਵੀ ਪੜ੍ਹੀ ਜਾਂਦੀ ਹੈ। ਇਨ੍ਹਾਂ ਸ਼ਬਦਾਂ ਦਾ ਮਤਲਬ ਰੱਬ ਨੂੰ ਸਦਾ ਯਾਦ ਰੱਖਦੇ, ਉਸ ਮਹਾਨ ਹਸਤੀ ਦੀ ਸਿਫਤ ਕਰਨਾ ਹੈ। ਸੋਹਿਲੇ ਨੂੰ ਕੁਝ ਲੋਕਾਂ ਵੱਲੋਂ "ਕੀਰਤਨ ਸੋਹਿਲਾ" ਵੀ ਕਿਹਾ ਜਾਂਦੈ ਜੋ ਗਲਤ ਹੈ। ਇਸ ਬਾਣੀ ਦਾ ਸਿਰਲੇਖ ਸੋਹਿਲਾ ਨਹੀ ਹੈ। ਸੋਹਿਲਾ ਲਫਜ ਪਹਿਲੇ ਸ਼ਬਦ ਦੀ ਤੁਕ ਚ ਆਉਂਦੈ ਪਰ ਇਸ ਬਾਣੀ ਦੇ ਸਿਰਲੇਖ ਦਾ ਆਧਾਰ ਨਹੀ। ਸੋਹਿਲਾ ਸਿਰਲੇਖ ਸ਼੍ਰੋਮਣੀ ਕਮੇਟੀ ਦੀ "ਸਿੱਖ ਰਹਿਤ ਮਰਯਾਦਾ" ਵਿੱਚ ਜਰੂਰ ਦਰਜ ਹੈ।

ਨੋਟ-ਸੋਹਿਲੇ ਬਾਰੇ ਡੇਰੇ, ਸੰਪ੍ਰਦਾਵਾਂ ਅਤੇ ਟਕਸਾਲਾਂ ਨੇ ਇਹ ਭੁਲੇਖਾ ਪਾਇਆ ਹੋਇਆ ਹੈ ਕਿ ਇਸ ਦਾ ਪਾਠ ਕਰਨ ਨਾਲ ਰਾਤ ਨੂੰ ਤੁਹਾਡੇ ਦੁਵਾਲੇ ਲੋਹੇ ਦਾ ਕਿਲਾ ਬਣ ਜਾਂਦਾ ਅਤੇ ਦੁਸ਼ਮਣ ਨੇੜੇ ਨਹੀਂ ਆ ਸਕਦਾ। ਇਹ ਗਲਤ ਧਾਰਨਾ ਹੈ। ਜੇ ਇਵੇਂ ਲੋਹੇ ਦੇ ਕਿਲੇ ਬਣਦੇ ਹੋਣ ਤਾਂ ਫਿਰ ਤਾਂ ਦੇਸ਼ ਨੂੰ ਸਰਹੱਦਾਂ ਉੱਤੇ ਫੌਜਾਂ ਤੇ ਕੰਡਿਆਲੀ ਤਾਰ ਦੀ ਲੋੜ ਹੀ ਨਹੀਂ ਸਗੋਂ ਡੇਰੇਦਾਰਾਂ ਟਕਸਾਲੀਆਂ ਨੂੰ ਫੌਜ ਚ ਭਰਤੀ ਕਰ ਲੈਣ ਜੋ ਸੋਹਿਲੇ ਪੜ੍ਹ ਪੜ੍ਹ ਲੋਹੇ ਦੇ ਕਿਲੇ ਉਸਾਰੀ ਜਾਣ। ਫਿਰ ਜਦ ੧੯੮੪ ਵਿੱਚ 37 ਗੁਰਦੁਵਾਰਿਆਂ ’ਤੇ ਭਾਰਤੀ ਫੌਜ ਨੇ ਹਮਲਾ ਕੀਤਾ ਸੀ ਕੋਈ ਲੋਹੇ ਦਾ ਕਿਲਾ ਨਾ ਬਣਿਆਂ ਓਥੇ ਤਾਂ ਹਰ ਗੁਰਦੁਆਰੇ ਸੋਹਿਲਾ ਪੜਿਆ ਜਾਂਦਾ ਹੈ? ਗੁਰਬਾਣੀ ਨਾਲ ਇਨ੍ਹਾਂ ਦੇ ਵੱਡੇ ਵਡੇਰੇ ਡੇਰੇਦਾਰ ਤੇ ਸੰਪ੍ਰਦਾਈਆਂ ਨੇ ਮਨ ਘੜ੍ਹਤ ਕਹਾਣੀਆਂ, ਸਾਖੀਆਂ ਦੇ ਰੂਪ ਵਿੱਚ ਜੋੜੀਆਂ ਹੋਈਆਂ ਹਨ। ਪਹਿਲੇ ਸੰਗਤ ਇਨ੍ਹਾਂ ਦੇ ਪਾਠੀਆਂ ’ਤੇ ਆਧਾਰਤ ਹੁੰਦੀ ਤੇ ਇਹ ਲੋਕ ਮਨ ਆਈਆਂ ਕਰਦੇ ਸਨ ਪਰ ਹੁਣ ਜਮਾਨਾ ਬਦਲਿਆ, ਇੰਟ੍ਰਨੈਟ ਰਾਹੀਂ ਲੋਕ ਗੁਰਬਾਣੀ ਦੇ ਅਰਥ ਘਰ ਘਰ ਪੜ੍ਹਨ ਵਿਚਾਰਨ ਕਰਕੇ ਗਿਆਨਵਾਨ ਹੋ ਰਹੇ ਹਨ। ਹੁਣ ਡੇਰੇਦਾਰ ਸੰਪ੍ਰਦਾਈਆਂ ਦੇ ਪਾਏ ਭਰਮ ਭੁਲੇਖੇ ਤੇ ਡਰਾਵੇ ਖਤਮ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਪਤਾ ਲੱਗ ਰਿਹਾ ਹੈ ਕਿ ਬਾਣੀ ਗਿਆਨ ਲੈ ਕੇ ਜੀਵਨ ਨੂੰ ਸੁਧਾਰਨ ਤੇ ਸਫਲ ਕਰਨ ਲਈ ਪੜ੍ਹਨੀ ਹੈ ਨਾ ਕਿ ਗਿਣਤੀ ਮਿਣਤੀ ਦੇ ਮੰਤ੍ਰ ਜਾਪਾਂ ਲਈ।

ਸੋਹਿਲੇ ਦੇ ਪੰਜਾਂ ਸ਼ਬਦਾ ਦਾ ਲੜੀਵਾਰ ਮੁੱਖ ਭਾਵ-ਪਹਿਲੇ ਸ਼ਬਦ ਚ ਗੁਰੂ ਨਾਨਕ ਸਾਹਿਬ ਨੇ ਦਰਸਾਇਆ ਹੈ ਕਿ ਜਿਵੇਂ ਵਿਆਹ ਵੇਲੇ ਕੁੜੀ ਦੇ ਮਾਈਏਂ ਪੈਣ ਅਤੇ ਔਰਤਾਂ ਦੁਆਰਾ ਸੁਹਾਗ ਦੇ ਗੀਤ ਗਾਉਣ ਤੇ ਅਸੀਸਾਂ ਦੇਣ ਦੀ ਰਸਮ ਦੇ ਰੂਪਕ ਅਲੰਕਾਰ ਰਾਹੀਂ ਸੰਸਾਰ ਰੂਪੀ ਪੇਕਾ ਘਰ ਛੱਡ ਕੇ, ਪਤੀ ਰੂਪੀ ਪ੍ਰਮਾਤਮਾਂ ਦੇ ਦੇ ਘਰ ਜਾਣ ਵਾਲੀ ਇਸਤ੍ਰੀ ਰੂਪ ਜਗਿਆਸੂ ਨੂੰ ਸਤਸੰਗ ਚ ਬੈਠ ਕੇ ਹਰਿ-ਜਸ ਰੂਪ ਸੁਹਾਗ ਗੀਤ ਸੁਣਨ ਰੂਪ ਅਸ਼ੀਰਵਾਦ ਪ੍ਰਾਪਤ ਕਰਨਾ ਚਾਹੀਦਾ ਹੈ।

ਦੂਜੇ ਸ਼ਬਦ ਚ ਗੁਰੂ ਨਾਨਕ ਸਾਹਿਬ ਨੇ ਇਸ ਸਿਧਾਂਤ ਨੂੰ ਸ਼ਪੱਸ਼ਟ ਕੀਤਾ ਹੈ ਕਿ ਜਿਵੇਂ ਸੂਰਜ ਇੱਕ ਹੀ ਹੈ ਪਰ ਅੱਗੇ ਥਿਤਾਂ, ਵਾਰਾਂ, ਮਹੀਨਿਆਂ, ਪਹਿਰਾਂ ਅਤੇ ਘੜੀਆਂ ਵਜੋਂ ਵੱਖ ਵੱਖ ਇਕਾਈਆਂ ਹਨ ਤਿਵੇਂ ਹੀ ਇੱਕ ਕਰਤਾਰ ਦੇ ਕਈ ਸਰੂਪ ਤੇ ਭੇਦ ਹਨ-ਸੂਰਜੁ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥(੧੨)

ਤੀਜੇ ਸ਼ਬਦ ਚ ਗੁਰੂ ਨਾਨਕ ਸਾਹਿਬ ਨੇ ਤੁਲਨਾਤਮਿਕ ਵਿਧੀ ਰਾਹੀਂ, ਦੁਨਿਆਵੀ ਆਰਤੀ ਦੇ ਮੁਕਾਬਲੇ ਵਿਰਾਟ ਆਰਤੀ ਦਰਸਾਈ ਹੈ ਕਿ ਪ੍ਰਭੂ ਦੀ ਸਰਬ-ਵਿਆਪਕਤਾ, ਉਸ ਦੀ ਏਕਤਾ ਤੋਂ ਅਨੇਕਤਾ ਵਾਲੀ ਬਿਰਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

ਗਾਉੜੀ ਪੂਰਬੀ ਦੇ ਚੌਥੇ ਸ਼ਬਦ ਚ ਗੁਰੂ ਰਾਮਦਾਸ ਜੀ ਨੇ ਦਰਸਾਇਆਂ ਕਿ ਮਨੁੱਖ ਦਾ ਸਰੀਰ ਰੂਪੀ ਨਗਰ ਕਾਮ ਕ੍ਰੋਧ ਆਦਿਕ ਵਾਸ਼ਨਾਵਾਂ ਨਾਲ ਭਰਿਆ ਪਿਆ ਹੈ ਜਿਸ ਕਰਕੇ ਉਹ ਇਸ ਸੰਸਾਰ ਵਿੱਚ ਜਮ-ਦੰਡ ਸਜਾ ਭਾਵ ਦੁੱਖ ਸਹਿਨ ਕਰਦਾ ਹੈ। ਦੂਜੇ ਪਾਸੇ ਪ੍ਰਭੂ ਭਗਤੀ ਚ ਮਗਨ ਜਗਿਆਸੂ ਵਾਸ਼ਨਾਵਾਂ ਦੀਆਂ ਰੁਕਾਵਟਾਂ ਨੂੰ ਦੂਰ ਕਰ ਪਰਮ ਧਾਮ ਭਾਵ ਪੂਰਨ ਟਿਕਾਅ ਦੀ ਅਵੱਸਥਾ ਵਿੱਚ ਪਹੁੰਚ ਜਾਂਦੇ ਹਨ।

ਗਾਉੜੀ ਪੂਰਬੀ ਦੇ ਪੰਜਵੇਂ ਸ਼ਬਦ ਚ ਪੰਚਮ ਪਾਤਸ਼ਾਹ ਨੇ ਜਗਿਆਸੂ ਨੂੰ ਦਰਸਾਇਆ ਕਿ ਇਹ ਮਨੁੱਖਾ ਦੇਹ ਰੂਪ ਸਮਾਂ ਆਤਮਿਕ ਕਮਾਈ ਕਰਨ ਦਾ ਹੈ। ਵਿਕਾਰਾਂ ਨਾਲ ਗ੍ਰਸੇ ਸੰਸਾਰ ਚੋਂ, ਸਾਵਧਾਨੀ ਨਾਲ ਨਿਕਲ, ਪ੍ਰਭੂ ਨਾਲ ਮਿਲਾਪ ਪ੍ਰਾਪਤ ਕਰਨ ਲਈ ਗੁਰੂ ਦੀ ਰਹਿਮਤ ਅਤੇ ਗੁਰ ਮਾਰਗ ਤੇ ਚੱਲਣ ਦੀ ਬਹੁਤ ਲੋੜ ਹੈ। ਇਸ ਲਈ ਸਿਖਿਆਰਥੀ ਮਨੁੱਖ ਦੀ ਕਰਤਾਰ ਕੋਲ ਆਤਮ ਉਧਾਰ ਲਈ ਬੇਨਤੀ ਹੈ-ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥ ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥(੧੩) ਸੰਤਨ ਕੀ ਤੋਂ ਭਾਵ ਸਤਿ ਸੰਗੀਆਂ ਦੀ ਹੈ।

# ਪੁਨਰ-ਜਨਮ ਜਾਂ ਮਾਨਸਿਕ ਰੋਗ



ਮੇਘ ਰਾਜ ਮਿੱਤਰ
+91-98887-87440

ਅੱਜ-ਕੱਲ੍ਹ ਟੈਲੀਵਿਜ਼ਨ ਚੈਨਲਾਂ ਅਤੇ ਕੁਝ ਅਖ਼ਬਾਰਾਂ ਵਿੱਚ ਪੁਨਰ-ਜਨਮ ਦੀਆਂ ਘਟਨਾਵਾਂ ਤੇ ਖ਼ਬਰਾਂ ਚਰਚਾ ਵਿਚ ਰਹਿੰਦੀਆਂ ਹਨ, ਜਿਹੜੀਆਂ ਸਾਧਾਰਨ ਲੋਕਾਂ ਨੂੰ ਭੰਬਲ-ਭੂਸਿਆਂ ਵਿੱਚ ਪਾ ਰਹੀਆਂ ਹਨ। ਪੁਨਰ-ਜਨਮ ਬਾਰੇ ਸਮਝਣ ਤੋਂ ਪਹਿਲਾਂ ਸਾਨੂੰ ਸਾਡੇ ਦਿਮਾਗਾਂ ਵਿਚ ਉਪਜਦੇ ਖ਼ਿਆਲਾਂ ਬਾਰੇ ਸਮਝਣਾ ਚਾਹੀਦਾ ਹੈ। ਸਾਡਾ ਦਿਮਾਗ ਸਰੀਰ ਦੀ ਅਜਿਹੀ ਪ੍ਰਣਾਲੀ ਹੈ ਜਿਹੜੀ ਹਮੇਸ਼ਾ ਕੰਮ ਕਰਦੀ ਰਹਿੰਦੀ ਹੈ। ਜਿਵੇਂ ਸਾਹ-ਕਿਰਿਆ ਅਤੇ ਲਹੂ ਗੇੜ ਪ੍ਰਣਾਲੀ ਹਮੇਸ਼ਾ ਕਾਰਜ਼ਸ਼ੀਲ ਰਹਿੰਦੀਆਂ ਹਨ। ਇਸ ਤਰ੍ਹਾਂ ਹੀ ਸਾਡੇ ਦਿਮਾਗ ਵਿਚ ਖ਼ਿਆਲ ਆਉਂਦੇ ਰਹਿੰਦੇ ਹਨ। ਦਿਮਾਗ ਵਿਚ ਆਏ ਖ਼ਿਆਲ 99 ਫੀਸਦੀ ਕਲਪਿਤ ਹੀ ਹੁੰਦੇ ਹਨ। ਜਿਹੜੇ ਝੂਠੇ ਨਿਕਲ ਜਾਂਦੇ ਹਨ, ਉਨ੍ਹਾਂ ਦਾ ਜ਼ਿਕਰ ਅਸੀਂ ਕਿਸੇ ਕੋਲ ਨਹੀਂ ਕਰਦੇ, ਜੋ ਇੱਕ-ਅੱਧਾ ਸੱਚ ਨਿਕਲ ਜਾਂਦਾ ਹੈ, ਉਸ ਦਾ ਢੰਡੋਰਾ ਪਿੱਟ ਦਿੰਦੇ ਹਾਂ। ਇਹ ਵੀ ਇਕ ਕਾਰਨ ਹੈ, ਜਿਸ ਕਰਕੇ ਬਹੁਤ ਸਾਰੀਆਂ ਅਜਿਹੀਆਂ ਗੈਰ-ਵਿਗਿਆਨਕ ਪੁਨਰ-ਜਨਮ ਦੀਆਂ ਗੱਲਾਂ ਲੋਕਾਂ ਵਿਚ ਪ੍ਰਚਲਿਤ ਹੁੰਦੀਆਂ ਜਾਂ ਕੀਤੀਆਂ ਜਾਂਦੀਆਂ ਰਹਿੰਦੀਆਂ ਹਨ।



ਬਹੁਤ ਸਾਰੇ ਨਸ਼ਈ ਵਿਅਕਤੀ ਜਦੋਂ ਭੰਗ ਜਾਂ ਸੁੱਖਾ ਖਾ ਲੈਂਦੇ ਹਨ ਤਾਂ ਉਹਨਾਂ ਨੂੰ ਕਈ ਵਾਰ ਆਪਣਾ ਸਰੀਰ ਹਵਾ ਵਿਚ ਉਡਦਾ ਨਜ਼ਰ ਆਉਂਦਾ। ਪਰ ਇਹ ਹਕੀਕਤ ਤਾਂ ਨਹੀਂ ਹੁੰਦੀ। ਇਸੇ ਤਰ੍ਹਾਂ ਦਿਮਾਗ ਵਿਚ ਕਿਸੇ ਵਿਅਕਤੀ ਨੂੰ ਆਇਆ ਪੁਨਰ-ਜਨਮ ਦਾ ਖ਼ਿਆਲ ਵੀ ਹਕੀਕਤ ਨਹੀਂ ਹੋ ਸਕਦਾ। ਮਾਨਸਿਕ ਰੋਗਾਂ ਕਾਰਨ ਵੀ ਪੁੱਠੇ ਸਿੱਧੇ ਖਿਆਲ ਦਿਮਾਗ ਵਿਚ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਦਾ ਵੀ ਜ਼ਿੰਦਗੀ ਦੀਆਂ ਸੱਚਾਈਆਂ ਨਾਲ ਕੋਈ ਸਬੰਧ ਨਹੀਂ ਹੁੰਦਾ। 1984 ਵਿਚ ਬਰਨਾਲਾ ਤੋਂ ਅਸੀਂ ਤਰਕਸ਼ੀਲ ਸੁਸਾਇਟੀ ਲਈ ਕੰਮ ਕਰਨਾ ਸ਼ੁਰੂ ਕੀਤਾ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਸੀਂ 50 ਕੇਸ ਪੁਨਰ-ਜਨਮ ਦੇ ਹੱਲ ਕਰ ਚੁੱਕੇ ਹਾਂ। ਹਰ ਕੇਸ ਵਿੱਚ ਪੁਨਰ-ਜਨਮ ਦਾ ਦਾਅਵਾ ਕਰਨ ਵਾਲਿਆਂ ਦੀ ਘੋਖਵੀਂ ਜਾਂਚ ਪੜਤਾਲ ਕੀਤੀ ਗਈ ਹੈ। ਹਰ ਕੇਸ ਵਿਚ 50 ਤੋਂ ਲੈ ਕੇ 100 ਤੱਕ ਸਵਾਲ ਪੁੱਛੇ ਗਏ ਹਨ। ਇਨ੍ਹਾਂ ਵਿਚੋਂ ਦੋ ਜਾਂ ਤਿੰਨ ਫੀਸਦੀ ਸਵਾਲ ਹੀ ਠੀਕ ਹੁੰਦੇ ਹਨ। ਬਾਕੀ ਗਲਤ ਨਿਕਲ ਜਾਂਦੇ ਹਨ। ਲਗਭਗ ਹਰ ਕੇਸ ਦੇ ਪਿੱਛੇ ਅਸੀਂ ਕਾਰਨਾਂ ਨੂੰ ਵੀ ਫਰੋਲਿਆ ਹੈ। ਇਨ੍ਹਾਂ ਵਿਚੋਂ ਬਹੁਤਿਆਂ ਪਿੱਛੇ ਕਿਸੇ ਨਾ ਕਿਸੇ ਦਾ ਨਿੱਜੀ ਸੁਆਰਥ ਛੁਪਿਆ ਹੋਇਆ ਸੀ। ਇੱਥੇ ਮੈਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦਾ ਹਾਂ।

ਅੰਮ੍ਰਿਤਸਰ ਜ਼ਿਲ੍ਹੇ ਦੇ ਕਿਸੇ ਸੰਤ ਦੇ ਦਿਮਾਗ ਵਿਚ ਖ਼ਿਆਲ ਆ ਗਿਆ ਕਿ ਇਕ ਅੱਠ-ਨੌਂ ਸਾਲ ਦਾ ਲੜਕਾ ਉਸ ਦਾ ਪਿਛਲੇ ਜਨਮ ਦਾ ਗੁਰੂ ਸੀ ਅਤੇ ਉਸ ਸੰਤ ਨੇ ਉਸ ਬੱਚੇ ਦੇ ਜਾ ਪੈਰੀ ਹੱਥ ਲਾਏ ਅਤੇ 1100 ਰੁਪਏ ਦਾ ਮੱਥਾ ਟੇਕ ਦਿੱਤਾ। ਬੱਸ ਫਿਰ ਕੀ ਸੀ? ਉਸਦੇ ਸ਼ਰਧਾਲੂਆਂ ਨੇ ਹੋਰ ਹਜ਼ਾਰਾਂ ਰੁਪਏ ਦੇ ਮੱਥੇ ਉਸ ਲੜਕੇ ਨੂੰ ਟੇਕ ਦਿੱਤੇ। ਸੰਤ ਨੂੰ ਚੇਲਾ ਵੀ ਮਿਲ ਗਿਆ ਅਤੇ ਨੋਟ ਵੀ ਇਕੱਠੇ ਹੋ ਗਏ।

ਜ਼ਿਲ੍ਹਾ ਸੰਗਰੂਰ ਦੇ ਹੀ ਇਕ ਪਿੰਡ ਦੀ ਇਸਤਰੀ ਦਾ ਨੌਜਵਾਨ ਪਤੀ ਮੋਟਰਸਾਇਕਲ ਐਕਸੀਡੈਂਟ ਵਿਚ ਮਾਰਿਆ ਗਿਆ। ਉਸਦੀ ਪਤਨੀ ਨੇ ਆਪਣੀ ਰੋਜ਼ੀ-ਰੋਟੀ ਤੋਰਨ ਲਈ ਕੁੱਝ ਮੱਝਾਂ ਰੱਖ ਲਈਆਂ ਅਤੇ ਦੁੱਧ ਪਾਉਣ ਲੱਗ ਪਈ। ਦੁੱਧ ਲਿਜਾਣ ਵਾਲੇ ਦੋਧੀ ਨੇ ਸਕੀਮ ਬਣਾਈ ਕਿ ਜੇ ਇਹ ਇਸਤਰੀ ਕਿਸੇ ਢੰਗ ਨਾਲ ਮੇਰੇ ਕਾਬੂ ਵਿੱਚ ਆ ਜਾਵੇ ਤਾਂ ਮੈਂ ਇਸਦੇ ਹਿੱਸੇ ਵਿਚ ਆਉਂਦੀਾਰਾਂ ਏਕੜ ਜ਼ਮੀਨ ਦਾ ਮਾਲਕ ਬਣ ਜਾਵਾਂਗਾ ਅਤੇ ਨਾਲ ਹੀ ਇੱਕ ਹੋਰ ਸੁੰਦਰ ਪਤਨੀ ਦਾ ਪਤੀ। ਉਸਨੇ ਆਪਣੇ ਅੱਠ-ਨੌਂ ਸਾਲਾਂ ਦੇ ਲੜਕੇ ਨੂੰ ਉਸ ਇਸਤਰੀ ਦੇ ਘਰ ਬਾਰੇ ਅਤੇ ਉਸਦੇ ਮਰੇ ਹੋਏ ਪਤੀ ਬਾਰੇ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ। ਬੱਸ ਫਿਰ ਕੀ ਸੀ? ਉਸਦਾ ਅੱਠ-ਨੌਂ ਸਾਲਾ ਲੜਕਾ ਉਸਦੇ ਘਰ ਜਾ ਕੇ ਕਹਿਣ ਲੱਗਾ ਕਿ ਮੈਂ ਪਿਛਲੇ ਜਨਮ ਵਿਚ ਤੇਰਾ ਪਤੀ ਕਰਨੈਲ ਸਿੰਘ ਸੀ ਅਤੇ ਮੋਟਰਸਾਇਕਲ ਐਕਸੀਡੈਂਟ ਵਿਚ ਮੇਰੀ ਮੌਤ ਹੋ ਗਈ ਸੀ। ਉਸਨੇ ਘਰ ਵਿੱਚ ਪਈਆਂ ਚੀਜ਼ਾਂ ਦੀ ਜਾਣਕਾਰੀ ਵੀ ਦੇ ਦਿੱਤੀ। ਕੁੱਝ ਹੀ ਮਹੀਨਿਆਂ ਵਿਚ ਉਸ ਮੁੰਡੇ ਦਾ ਦੋਧੀ ਬਾਪ ਨਾਲੇ ਤਾਂ ਬਾਰਾਂ ਏਕੜ ਜ਼ਮੀਨ ਦਾ ਮਾਲਕ ਬਣ ਗਿਆ ਅਤੇ ਨਾਲੇ ਇਕ ਹੋਰ ਸੁੰਦਰ ਪਤਨੀ ਦਾ ਪਤੀ।

ਅਸਲ ਵਿੱਚ ਪੁਨਰ-ਜਨਮ ਦਾ ਸਵਾਲ ਆਤਮਾ ਨਾਲ ਜੁੜਿਆ ਹੋਇਆ ਹੈ। ਸਰੀਰ ਵਿੱਚ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਹਿੰਦੋਸਤਾਨ ਦੇ ਸੈਂਕੜੇ ਹਸਪਤਾਲਾਂ ਵਿਚ ਰੋਜ਼ਾਨਾ ਹਜ਼ਾਰਾਂ ਹੀ ਅਪਰੇਸ਼ਨ ਦਿਲ, ਦਿਮਾਗ ਅਤੇ ਸਰੀਰ ਦੇ ਹੋਰ ਵੱਖ-ਵੱਖ ਅੰਗਾਂ ਦੇ ਹੁੰਦੇ ਹਨ। ਅੱਜ ਤੱਕ ਕਿਸੇ ਵੀ ਇਕ ਡਾਕਟਰ ਨੂੰ ਆਤਮਾ ਦੇ ਦਰਸ਼ਨ ਨਹੀਂ ਹੋਏ। ਫਿਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਸਰੀਰ ਕਿਵੇਂ ਕਾਰਜ ਕਰਦਾ ਹੈ? ਜੇ ਅਸੀਂ ਇਕ ਬਾਲਟੀ ਵਿੱਚ ਕੁੱਝ ਚੂਨਾ ਪਾ ਕੇ ਕੁਝ ਪਾਣੀ ਪਾ ਦੇਈਏ ਤਾਂ ਅਸੀਂ ਦੇਖਾਂਗੇ ਕਿ ਇਸ ਵਿਚੋਂ ਹਰਕਤ, ਗਰਮੀ ਅਤੇ ਆਵਾਜ਼ ਪੈਦਾ ਹੋਣੀ ਸ਼ੁਰੂ ਹੋ ਜਾਵੇਗੀ। ਇਸੇ ਤਰ੍ਹਾਂ ਸਰੀਰ ਵਿਚ ਗਰਮੀ ਹਰਕਤ ਆਵਾਜ਼ ਆਦਿ ਸਰੀਰ ਦੇ ਅੰਦਰੂਨੀ ਰਸਾਇਣਕ ਪਦਾਰਥਾਂ ਵਿਚ ਰਸਾਇਣਕ ਕਿਰਿਆਵਾਂ ਕਰਕੇ ਪੈਦਾ ਹੁੰਦੀਆਂ ਹਨ। ਇਹ ਤਾਂ ਸਿਰਫ ਇਕ ਉਦਾਹਰਣ ਹੈ। ਮਨੁੱਖੀ ਸਰੀਰ ਦਾ ਅਮੀਬੇ ਤੋਂ ਲੈ ਕੇ ਮਨੁੱਖ ਬਣਨ ਤੱਕ ਦਾ ਤਿੰਨ ਸੌ ਕਰੋੜ ਵਰ੍ਹਿਆਂ ਦਾ ਸਫਰ ਮਨੁੱਖ ਜਾਤੀ ਦੁਆਰਾ ਕੀਤੇ ਗਏ ਲੰਬੇ ਸੰਘਰਸ਼ਾਂ ਦਾ ਸਿੱਟਾ ਹੈ, ਜਿਸ ਨੂੰ ਇਸ ਨੇ ਤਰਤੀਬ ਦੇਣਾ ਸਿੱਖ ਲਿਆ ਹੈ। ਜਿਵੇਂ ਰੇਡੀਓ ਜਾਂ ਟੈਲੀਵਿਜ਼ਨ ਵਿਚ ਬਹੁਤ ਸਾਰੀਆਂ ਪ੍ਰਣਾਲੀਆਂ ਕਾਰਜਸ਼ੀਲ ਹੁੰਦੀਆਂ ਹਨ।

(ਬਾਕੀ ਅਗਲੇ ਅੰਕ ਵਿਚ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਧੂੰਮ-ਧਾਮ ਨਾਲ ਮਨਾਇਆ ਗਿਆ





ਪਿੰਡ ਘੱਲ ਕਲਾਂ ਦੀ ਲੋਕਲ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦੱਬੇ-ਕੁਚਲੇ, ਸਿਤਾੜੇ ਅਤੇ ਜ਼ੁਲਮ ਦੇ ਸਤਾਏ ਹੋਏ ਲੋਕਾਂ ਦੇ ਮਸੀਹਾ ਜਗਤ ਗੁਰੂ ਰਵਿਦਾਸ ਜੀ ਦਾ 640ਵਾਂ ਆਗਮਨ ਪੁਰਬ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਘੱਲ ਕਲਾਂ ਵਿਖੇ ਧੂੰਮ ਧਾਮ ਅਤੇ ਧਾਰਮਿਕ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਭਾਈ ਮੇਜਰ ਸਿੰਘ ਵੱਲੋਂ ਨਿੱਤਨੇਮ ਕੀਤੇ ਗਏ।

ਨਿੱਤਨੇਮ ਉਪਰੰਤ ਹਜ਼ੂਰੀ ਗ੍ਰੰਥੀ ਭਾਈ ਸੇਵਕ ਸਿੰਘ ਸੋਢੀ ਵੱਲੋਂ ਕਥਾ ਦੀਵਾਨ ਸਜਾਏ ਗਏ। ਭਾਈ ਸੇਵਕ ਸਿੰਘ ਸੋਢੀ ਜੀ ਨੇ ਨੂਰੀ ਦੀਵਾਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਸੰਨ 1376 ਈ. ਨੂੰ ਸੀਰ ਗੋਵਰਧਨਪੁਰ, ਬਨਾਰਸ (ਯੂ. ਪੀ.) ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਸ੍ਰੀਮਾਨ ਸੰਤੋਖ ਦਾਸ ਜੀ ਤੇ ਮਾਤਾ ਸ੍ਰੀ ਕਲਸੀ ਦੇਵੀ ਸੀ। ਗੁਰੂ ਜੀ ਦੀ ਸੁਪਤਨੀ ਸ੍ਰੀਮਤੀ ਲੋਨਾ ਜੀ ਤੇ ਸਪੁੱਤਰ ਵਿਜੈ ਦਾਸ ਜੀ ਸਨ।

ਭਾਈ ਸੇਵਕ ਸਿੰਘ ਸੋਢੀ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਸਮੇਂ ਊਚ-ਨੀਚ, ਜਾਤ-ਪਾਤ, ਕਰਮਕਾਂਡ, ਧਾਰਮਿਕ ਕੱਟੜਤਾ ਜਿਹੀਆਂ ਕੁਰੀਤੀਆਂ ਨਾਲ ਸਮਾਜ ਗ੍ਰਸਿਆ ਹੋਇਆ ਸੀ। ਉਸ ਵੇਲੇ ਪ੍ਰਚੱਲਿਤ ਮਨੂੰਵਾਦੀ ਪ੍ਰਥਾ ਅਨਸਾਰ ਕਾਇਮ ਜਾਤੀ ਪ੍ਰਥਾ ਵੇਲੇ ਚੌਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰ੍ਹਾਂ ਦੇ ਕੋਈ ਅਧਿਕਾਰ ਪ੍ਰਾਪਤ ਨਹੀਂ ਸਨ। ਗੁਰੂ ਜੀ ਨੇ ਜਿੱਥੋਂ ਤੱਕ ਸਹਿਣ ਹੋ ਸਕਿਆ। ਪਰਿਵਾਰ ਸਮੇਤ ਸਹਿਆ।

ਆਖਿਰ ਸਬਰ ਦਾ ਪਿਆਲਾ ਭਰ ਆਇਆ ਤੇ ਸਵਾਲੀਆ ਸੋਚ ਬਦਲ ਕੇ ਉਪਰੰਤ ਇਸ ਸਿਲਸਿਲੇ ਦਾ ਅੰਤ ਕਰਨ ਲਈ ਸੰਘਰਸ਼ ਦਾ ਰਾਹ ਅਪਣਾਇਆ। ਪਰ ਇਹ ਰਾਹ ਕੰਡਿਆਂ ਦੀ ਸੇਜ ਸੀ ਪਰ ਉਹਨਾਂ ਜਨ ਕਲਿਆਣ ਦਾ ਉਦੇਸ਼ ਮੁੱਖ ਰੱਖ ਕੇ ਹਰ ਮੋੜ ਉਪਰ ਟੱਕਰ ਲਈ।

ਭਾਈ ਸੋਢੀ ਨੇ ਕਿਹਾ ਕਿ ਜਦੋਂ ਗੁਰੂ ਰਵਿਦਾਸ ਜੀ ਨੇ ਘੋਖ ਪੜਤਾਲ ਕੀਤੀ ਕਿ ਲੋਕਾਂ ਨੂੰ ਪ੍ਰੇਰਿਤ ਕੀਤੇ ਬਿਨਾਂ ਇਸ ਮੁਸ਼ਕਿਲ ਦਾ ਹੱਲ ਨਹੀਂ। ਇਸ ਸੰਦਰਭ ਵਿਚ ਉਹਨਾਂ ਲੋਕ ਉਪਦੇਸ਼ ਰਾਹੀਂ ਹੱਕ ਸੱਚ ਦੀ ਗੱਲ ਨੂੰ ਘਰ-ਘਰ ਪਹੁੰਚਾਉਣ ਦਾ ਬੀੜਾ ਚੁੱਕਿਆ ਤੇ ਲਤਾੜੇ ਹੋਏ ਹਰ ਵਰਗ ਦੇ ਲੋਕਾਂ ਨੂੰ ਇਕ ਹੋ ਕੇ ਅੱਗੇ ਵਧਣ ਦਾ ਮੌਕਾ ਦਿੱਤਾ। ਭਾਈ ਸੋਢੀ ਨੇ ਕਿਹਾ ਕਿ ਸਾਨੂੰ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਅਮਲ ਕਰਕੇ ਉਹਨਾਂ ਦੇ ਪਾਏ ਹੋਏ ਇਨਕਲਾਬੀ ਪੂਰਨਿਆਂ 'ਤੇ ਚੱਲਣਾ ਚਾਹੀਦਾ੍ਹੈ। ਸਮਾਜਿਕ ਕੁਰੀਤੀਆਂ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਇਸ ਕਥਾ ਦੀਵਾਨ ਮੌਕੇ ਪ੍ਰਧਾਨ ਬਲਜੀਤ ਸਿੰਘ, ਉਪ ਪ੍ਰਘਾਨ ਬਲਦੇਵ ਸਿੰਘ, ਸੈਕਟਰੀ ਕਰਨੈਲ ਸਿੰਘ, ਖਜਾਨਚੀ ਨਿਰਮਲਜੀਤ ਸਿੰਘ, ਲੰਗਰ ਪ੍ਰਧਾਨ ਰੇਸ਼ਮ ਸਿੰਘ, ਗੁਰਤੇਜ ਸਿੰਘ, ਅਮਰਜੀਤ ਸਿੰਘ, ਜਗਤਾਰ ਸਿੰਘ, ਮੰਦਰ ਸਿੰਘ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

**ਰਿਪੋਰਟ- ਬਲਰਾਜ ਸਿੰਘ ਜੱਖੂ**

## ਹਰੀਜਨ ਸ਼ਬਦ ਦੀ ਵਰਤੋਂ 'ਤੇ ਪਾਬੰਦੀ ਦੇ ਬਾਵਜੂਦ ਵਰਤੋਂ ਜਾਰੀ

ਭਾਰਤ ਵਿਚ ਇਸ ਸਮੇਂ ਵੀ ਹਰੀਜਨ ਸ਼ਬਦ ਦੀ ਵਰਤੋਂ, ਜਿਸਨੂੰ ਮਾਣਯੋਗ ਅਦਾਲਤ ਵੱਲੋਂ ਵਰਤਣ ਉਤੇ ਰੋਕ ਲਾਉਣ ਦੇ ਬਾਵਜੂਦ ਇਸ ਸਮੇਂ ਵੀ ਜਾਣੇ-ਅਣਜਾਣੇ ਵਰਤਿਆ ਜਾ ਰਿਹਾ ਹੈ।ਇਹ ਮਾਣਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੈ। ਗੁਰਦਾਸਪੁਰ ਦੇ, ਦੀਨਾ ਨਗਰ ਸਰਕਾਰੀ ਸਕੂਲਦੇ ਮੇਨ ਗੇਟ 'ਤੇ ਜੋ ਸਾਈਨ ਬੋਰਡ ਲੱਗਾ ਹੈ।




ਉਸ ਉਪਰ ਹਰੀਜਨ ਬਸਤੀ ਲਿਖਿਆ ਹੈ ਜੋ ਅਸੰਵਿਧਾਨਕ ਹੈ। ਇਸ ਦੀ ਪੜਤਾਲ ਕਰਕੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਰਵਾਈ ਕਰਨੀ ਬਣਦੀ ਹੈ। ਇਸ ਲਈ ਸਕੂਲ ਪ੍ਰਸ਼ਾਸਨ ਜ਼ਿੰਮੇਵਾਰ ਹੈ, ਬਹੁਤ ਸਾਲ ਪਹਿਲਾਂ ਵੀ ਹਰੀਜਨ ਸ਼ਬਦ ਗੈਰ- ਸੰਵਿਧਾਨਕ ਹੋ ਚੁੱਕਾ ਹੈ। ਇਸ ਸ਼ਬਦ ਨੂੰ ਤੁਰੰਤ ਬਦਲਿਆ ਜਾਵੇ। ਸਰਕਾਰ ਨੂੰ ਚਾਹੀਦਾ ਹੈ ਕਿ ਬਹੁਤ ਸਾਰੇ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਚ ਹਾਲੇ ਵੀ ਹਰੀਜਨ ਸ਼ਬਦ ਵਰਤ ਕੇ ਮੁਹੱਲਿਆਂ ਵਿਚ ਲੱਗੇ ਬੋਰਡਾਂ ਨੂੰ ਤੁਰੰਤ ਬਦਲਿਆ ਜਾਵੇ।

**- ਹਰਦੀਪ ਸਿੰਘ ਚੁੰਬਰ**

## ਦਲਿਤ ਸੰਗਠਨਾਂ ਵੱਲੋਂ ਚੱਕਾ ਜਾਮ ਤੇ ਰੋਸ ਪ੍ਰਦਰਸ਼ਨ

### ਮਾਮਲਾ ਗੁਰੂ ਰਵਿਦਾਸ ਜੀ ਦੀ ਬੇਅਦਬੀ ਦਾ

**ਹੁਸ਼ਿਆਰਪੁਰ-** ਹੁਸ਼ਿਆਰਪੁਰ ਸਿਟੀ ਵਿਖੇ ਪ੍ਰਭਾਵ ਚੌਂਕ ਜਦੋਂ ਨਗਰ ਨਿਗਮ ਕਰਮਚਾਰੀਆਂ ਵੱਲੋਂ ਚੌਂਕ ਵਿਚ ਪ੍ਰਕਾਸ਼ ਦਿਹਾੜੇ ਸਬੰਧੀ ਲਾਏ ਪੋਸਟਰ ਤੇ ਫਲੈਕਸ ਉਤਾਰਨ ਦੌਰਾਨ ਕ੍ਰਾਂਤੀਕਾਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ ਦੀ ਬੇਅਦਬੀ ਕੀਤੀ ਗਈ। ਸੂਚਨਾ ਮਿਲਦੇ ਹੀ ਬਹੁਜਨ ਸਮਾਜ ਪਰਟੀ ਦੇ ਜ਼ਿਲ੍ਹਾ ਪ੍ਰਧਾਨ ਪੁਰਸ਼ੋਤਮ ਅਹੀਰ, ਅਨਿਲ ਕੁਮਾਰ ਬਾਘਾ ਪ੍ਰਧਾਨ ਅੰਬੇਡਕਰ ਫੋਰਮ, ਅਮਰਜੀਤ ਕੁਮਾਰ ਭੱਟੀ ਪ੍ਰਧਾਨ ਭੀਮ ਕ੍ਰਾਂਤੀ ਦਲ ਹੁਸ਼ਿਆਰਪੁਰ, ਚੰਦਨ ਲੱਕੀ ਪ੍ਰਧਾਨ ਗੁਰੂ ਰਵਿਦਾਸ ਨੌਜਵਾਨ ਸਭਾ ਰਹੀਮਪੁਰ, ਦੀਪਕ ਕੁਮਾਰ ਭੋਟੀਆਂ ਡਾ. ਅੰਬੇਡਕਰ ਲੋਕ ਭਲਾਈ, ਡਾ. ਰਤਨ ਚੰਦ ਹਲਕਾ ਪ੍ਰਧਾਨ ਬਸਪਾ ਹੁਸ਼ਿਆਰਪੁਰ, ਦਵਿੰਦਰ ਸਰੋਆ ਸਮਾਜ ਭਲਾਈ ਮੋਰਚਾ, ਬੀਬੀ ਮਹਿੰਦਰ ਹਲਕਾ ਪ੍ਰਧਾਨ ਬਸਪਾ ਹੁਸ਼ਿਆਰਪੁਰ, ਮਨੀਸ਼ ਕੁਮਾਰ ਵਾਈਸ ਪ੍ਰਧਾਨ ਭੀਮ ਕ੍ਰਾਂਤੀ ਦਲ ਹੁਸ਼ਿਆਰਪੁਰ, ਦਰਸ਼ਨ ਲੱਧੜ ਸਕੱਤਰ ਬਸਪਾ ਹੁਸ਼ਿਆਰਪੁਰ, ਹਰਵਿੰਦਰ ਹੀਰਾ ਪ੍ਰਧਾਨ ਗੁਰੂ ਰਵਿਦਾਸ ਫੋਰਸ ਤੇ ਭਗਵਾਨ ਵਾਲਮੀਕ ਸੰਗਠਨ ਆਦਿ ਆਗੂਆਂ ਵੱਲੋਂ ਪ੍ਰਭਾਤ ਚੌਂਕ 'ਚ ਟਰੈਫਿਕ ਜਾਮ ਕਰਕੇ ਨਗਰ ਨਿਗਮ ਖਿਲਾਫ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸਮਝਾਉਣ ਉਪਰੰਤ ਵੀ ਅਗਵਾਈ ਬਹਾਲ ਨਹੀਂ ਹੋਈ। ਧਾਰਮਿਕ ਜਥੇਬੰਦੀਆਂ ਬਸਪਾ ਵਰਕਰਾਂ ਵੱਲੋਂ ਐਸ. ਡੀ. ਐਮ., ਐਸ. ਪੀ. ਤੇ ਤਹਿਸੀਲਦਾਰ, ਡੀ. ਐਸ. ਪੀ. ਵੱਲੋਂ ਗਲਤੀ ਦਾ ਅਹਿਸਾਸ ਕਰਦਿਆਂ ਫਲੈਕਸ ਬੋਰਡ ਦੁਬਾਰਾ ਲਗਵਾਉਣ ਤੇ ਅੱਗੇ ਲਈ ਅਜਿਹੀ ਘਟਨਾ ਨਾ ਵਾਪਰਨ ਦਾ ਭਰੋਸਾ ਦਿੱਤਾ।




**ਕੀ ਹੈ ਮਾਮਲਾ**

ਮੌਕੇ ਤੋਂ ਮਿਲੀ ਜਾਣਕਾਰੀ ਮੁਤਾਬਕ ਸ਼ਹਿਰ ਦੇ ਵੱਖ-ਵੱਖ ਚੌਂਕ-ਚੌਰਾਹਿਆਂ ਵਿਚ ਨਜਾਇਜ਼ ਤੌਰ ਤੇ ਲੱਗੇ ਪੋਸਟਰ ਤੇ ਫਲੈਕਸ ਨੂੰ ਉਤਾਰਨ ਦੇ ਨਗਰ ਨਿਗਮ ਵੱਲੋਂ ਕਰਮਚਾਰੀਆਂ ਨੂੰ ਹੁਕਮ ਦਿੱਤੇ ਗਏ ਸਨ। ਜਦੋਂ ਕਰਮਚਾਰੀ ਪ੍ਰਭਾਤ ਚੌਂਕ 'ਚ ਪੋਸਟਰ ਉਤਾਰਨ ਲੱਗੇ ਤਾਂ ਗਲਤੀ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ ਵਾਲੇ ਪੋਸਟਰ ਦੀ ਬੇਅਦਬੀ ਹੋ ਗਏ.।

ਮੌਕੇ 'ਤੇ ਪਹੁੰਚੇ ਦਲਿਤ ਭਾਈਚਾਰੇ ਨਾਲ ਸਬੰਧਤ ਲੋਕਾਂ ਦਾ ਰਾਹ ਦੇਖ ਕੇ ਕਰਮਚਾਰੀ ਪੋਸਟਰ ਛੱਡ ਕੇ ਮੌਕੇ 'ਤੇ ਚਲੇ ਗਏ। ਮੌਕੇ 'ਤੇ ਦਲਿਤ ਸੰਗਠਨਾਂ ਦੇ ਆਗੂਆਂ ਨੇ ਪੁਲਿਸ ਪ੍ਰਸ਼ਾਸਨ ਤੇ ਨਿਗਮ ਅਧਿਕਾਰੀਆਂ ਖਿਲਾਫ ਰੋਸ ਪ੍ਰਦਰਸ਼ਲ ਕਰਦਿਆਂ ਮੰਗ ਕੀਤੀ ਕਿ ਜਦੋਂ ਤੱਕ ਨਿਗਮ ਕਮਿਸ਼ਨਰ ਮੌਕੇ 'ਤੇ ਆ ਕੇ ਆਪਣੀ ਗਲਤੀ ਨਹੀਂ ਮੰਨਣਗੇ, ਉਦੋਂ ਤੱਕ ਧਰਨਾ ਨਹੀਂ ਚੁੱਕਿਆ ਜਾਵੇਗਾ।



ਬੇਗਮਪੁਰਾ ਚੈਰੀਟੇਬਲ ਟਰੱਸਟ (ਰਜਿ.) ਦੁਆਰਾ ਚਲਾਈ ਜਾਂਦੀ ਗੁਰੂ ਰਵਿਦਾਸ ਭਜਨ ਮੰਡਲੀ ਬੇਗਮਪੁਰਾ ਦੁਆਰਾ ਬੀਤੀ 30 ਜਨਵਰੀ 2018 ਨੂੰ ਗੁਰੂ ਰਵਿਦਾਸ ਆਗਮਨ ਪੁਰਬ ਦੀ ਖੁਸ਼ੀ ਵਿਚ ਸਤਿਸੰਗ ਪਿੰਡ ਪੰਜੋਖਰਾ ਸਾਹਿਬ (ਅੰਬਾਲਾ) ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਦੀ ਇਕ ਝਲਕ।

## ਆਈ. ਡਬਲਿਊ. ਏ. ਦੇ ਸਾਬਕਾ ਸੈਕਟਰੀ ਹਰਭਜਨ ਦਰਦੀ ਨਹੀਂ ਰਹੇ, ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਸ਼ੋਕ ਸਭਾ

**ਜਲੰਧਰ-** ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਸਾਬਕਾ ਸੈਕਟਰੀ ਹਰਭਜਨ ਦਰਦੀ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ ਕਈ ਸਾਲਾਂ ਤੋਂ ਦੇਸ਼ ਭਗਤ ਯਾਦਗਾਰ ਹਾਲ ਨਾਲ ਜੁੜੇ ਹੋਏ ਸਨ ਅਤੇ ਮੇਲਾ ਗ਼ਦਰੀ ਬਾਬਿਆਂ ਵਿੱਚ ਹਰ ਸਾਲ ਸ਼ਿਰਕਤ ਕਰਦੇ ਸਨ।



ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਹਰਭਜਨ ਦਰਦੀ ਨੂੰ ਸ਼ਰਧਾਂ-ਜ਼ਲੀਆਂ ਅਰਪਤ ਕੀਤੀਆਂ। ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਜੋਆਇੰਟ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਆਦਿ ਨੇ ਰਘਬੀਰ ਸਿੰਘ ਛੀਨਾ ਦੀ ਦੇਣ ਨੂੰ ਯਾਦ ਕਰਦਿਆਂ ਦੇਸ਼ ਭਗਤ ਸੰਗਰਾਮੀਆਂ ਦੇ ਉਦੇਸ਼ ਦੀ ਪੂਰਤੀ ਲਈ ਰਘਬੀਰ ਸਿੰਘ ਛੀਨਾ ਦੀ ਕਰਨੀ ਨੂੰ




ਸ. ਗੁਰਪ੍ਰਤਾਪ ਸਿੰਘ ਸਹੋਤਾ, ਡੀ.ਐਸ.ਪੀ, ਦੋਸਤੋ, ਨੌਜਵਾਨ ਪੀੜ੍ਹੀ ਲਈ ਇਨ੍ਹਾਂ ਦੀ ਮਿਹਨਤ ਇਕ ਮਿਸਾਲ ਹੈ। ਜਿਨ੍ਹਾਂ ਆਪਣੀ ਜਵਾਨੀ ਦੇ ਜੋਸ਼ ਨੂੰ ਆਪਣੀ ਡਾਲ ਬਣਾ ਕੇ ਆਸਮਾਨ ਦੀਆਂ ਬੁਲੰਦੀਆਂ ਨੰ ਛੂਹ ਕੇ ਆਪਣਾ ਮਾਤਾ ਪਿਤਾ ਦਾ ਸਿਰ ਗੋਰਵ ਨਾਲ ਉੱਚਾ ਕੀਤਾ। ਪ੍ਰਮਾਤਮਾ ਇਨ੍ਹਾਂ ਨੂੰ ਚੜ੍ਹਦੀ ਕਲਾ ਵਿੱਚ ਰੱਖੇ। **- ਸ. ਸ. ਗਿੱਲ, ਸੋਢੀ ਨਾਹਰ**

## ਸੁਰਿੰਦਰ ਸੋਹਣਾ ਦੀ ਕਾਵਿ ਪੁਸਤਕ 'ਅਰਜੋਈਆਂ 'ਦਾ ਲੋਕ ਅਰਪਣ

**ਰਾਜਪੁਰਾ (ਡਾ ਗੁਰਵਿੰਦਰ ਅਮਨ)-** ਲੋਕ ਸਾਹਿਤ ਸੰਗਮ ਰਜਿ ਰਾਜਪੁਰਾ ਦਾ ਸਾਹਿਤਕ ਸਮਾਗਮ ਰੋਟਰੀ ਭਵਨ ਵਿਖੇ ਹੋਇਆ ਜਿਸ ਦੀ ਪ੍ਰਧਾਨਗੀ ਡਾ ਗੁਰਵਿੰਦਰ ਅਮਨ ਅਤੇ ਜੀ ਪੀ ਸਿੰਘ ਪ੍ਰਧਾਨ ਰਾਜਪੁਰਾ ਪ੍ਰੈਸ ਕਲੱਬ ਰਾਜਪੁਰਾ ਨੇ ਕੀਤੀ। ਇਸ ਮੌਕੇ ਉੱਘੇ ਗੀਤਕਾਰ ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਦੀ ਧਾਰਮਿਕ ਕਾਵਿ ਪੁਸਤਕ 'ਅਰਜੋਈਆਂ ' ਦਾ ਲੋਕ ਅਰਪਣ ਕੀਤਾ ਗਿਆ। ਜੀ ਪੀ ਸਿੰਘ ਨੇ ਜਿਥੇ ਸੋਹਣਾ ਨੂੰ ਵਧਾਈ ਦਿਤੀ ਉਥੇ ਉਨ੍ਹਾਂ ਦੱਸਿਆ ਕਿ ਇਨ੍ਹਾਂ ਵਲੋਂ ਸਿਰਜੇ ਗੀਤ ਪੰਜਾਬ ਦੇ ਉੱਚ ਕੋਟੀ ਦੇ ਗਾਇਕਾਂ ਨੇ ਰਿਕਾਰਡ ਕਰਵਾਏ ਹੋਏ ਹਨ ਸਭਾ ਦਾ ਆਗਾਜ਼ ਸੁਰਿੰਦਰ ਸਿੰਘ ਸੋਹਣਾ ਦੀ ਕਵਿਤਾ 'ਹੱਥ ਕਾਰ ਵੱਲ ਤੇ ਚਿੱਤ ਕਰਤਾਰ ਵੱਲ ਸੁਣਾਇਆ। ਗ਼ਜ਼ਲਗੋ ਅਵਤਾਰ ਪੁਵਾਰ ਨੇ 'ਭਾਵੇਂ ਬੜੀਆਂ ਲੱਗਦੀਆਂ ਨੇ ਗੰਭੀਰ ਇਹ ਗੱਲਾਂ 'ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ। ਭੀਮ ਸੈਨ ਝੂਲੇ ਲਾਲ ਨੇ ਸਰਾਇਕੀ ਚ ਕਵਿਤਾ 'ਇੱਡੇ ਉੱਡੇ ਨਾ ਕਰ ਹੱਲਾ, ਹਰ ਕੋਈ ਵਹਿੰਦਾ ਜੱਗ ਤੋਂ ਕੱਲਾ 'ਸੁਣਾ ਕੇ ਸ਼ਰੋਸ਼ਾਰ ਕੀਤਾ। ਅਮਰਜੀਤ ਸਿੰਘ ਲੁਬਾਣਾ।'ਨੈਤਿਕਤਾ ਕੋ ਭੁੱਲ ਗਏ ਲੋਕ ',ਗੁਰਵਿੰਦਰ ਆਜ਼ਾਦ ਨੇ 'ਝੋਪੜੀ ਮੈ ਜਨਮਾਂ ਬਾਲਕ' ਸੁਣਾਕੇ ਚੰਗਾ ਰੰਗ ਬੰਨਿਆ। ਲੋਕ ਕਵੀ ਤੇ ਗੀਤਕਾਰ ਕੁਲਵੰਤ ਸਿੰਘ ਜੱਸਲ ਦਾ ਗੀਤ 'ਗੁਰੂ ਨਾਨਕ ਤੇਰੀ ਮਹਿਮਾ ਗਾਵੇ ਕੁਲ ਜਹਾਨ, ਸੁਣਾਕੇ ਚੰਗੀ ਵਾਹ ਵਾਹ ਖੱਟੀ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਮਿੰਨੀ ਕਹਾਣੀ 'ਨੇਕ ਸਲਾਹ' ਸੁਣਾਕੇ ਅਜੋਕੀ ਰਾਜਨੀਤੀ ਤੇ ਚੰਗਾ ਕਟਾਕਸ਼ ਕੀਤਾ। ਮਾਨ ਸਿੰਘ ਜੰ-ਡੋਲੀ ਨੇ ਆਪਣੀ ਕਵਿਤਾ 'ਮੈ ਤੇ ਮੈ 'ਸੁਣਾਕੇ ਸੋਚਣ ਤੇ ਮਜ਼ਬੂਰ ਕੀਤਾ। ਪ੍ਰੋੜ ਕਵੀ ਅੰਗਰੇਜ਼ ਸਿੰਘ ਕਲੇਰ ਦੀ ਕਵਿਤਾ 'ਮਾਂ



'ਸੁਣਾਕੇ ਸਭਾ ਨੂੰ ਭਾਵੁਕ ਕੀਤਾ। ਗੰਭੀਰ ਸੋਚ ਦੇ ਮਲਿਕ ਥਾਣੇਦਾਰ ਰਵਿੰਦਰ ਕਿਸ਼ਨ ਨੇ 'ਕੌੜਾ ਸੱਚ 'ਕਹਿਕੇ। ਬੰਦੇ ਦੀ ਹੋਂਦ ਦਾ ਅਹਿਸਾਸ ਕਰਵਾਇਆ। ਦੇਸ ਰਾਜ ਅਤੇ ਓਮ ਪ੍ਰਕਾਸ਼ ਦਾ ਗੀਤ ਰੋਚਕ ਸਨ। ਪੱਤਰਕਾਰ ਤੇ ਸਾਹਿਤਕਾਰ ਜੀ ਪੀ ਸਿੰਘ ਦੇ ਸ਼ੇਅਰ ਕਾਬਲੇ ਤਾਰੀਫ ਸਨ। ਜਾਨੀ ਜੀਰਕਪੁਰੀਆ, ਜਮਨਾ ਪ੍ਰਕਾਸ਼ ਨਾਚੀਜ਼ ਅਸ਼ੋਕ ਝਾਅ, ਹਰਵਿੰਦਰ ਗਗਨ, ਸੰਦੀਪ ਚੌਧਰੀ ਸੰਪਾਦਕ ਨੇ ਵੀ ਆਪਣੀਆਂ ਰਚਨਾਵਾਂ ਸੁਣਾਈਆਂ। ਸਭਾ ਦੇ ਅੰਤ ਵਿਚ ਡਾ ਗੁਰਵਿੰਦਰ ਅਮਨ ਨੇ ਸੁਰਿੰਦਰ ਸੋਹਣਾ ਦੇ ਸਾਹਿਤਕ ਸਫਰ ਬਾਰੇ ਚਾਨਣਾ ਪਾਉਂਦਿਆਂ ਉਹਨਾਂ ਨੂੰ ਪੁਸਤਕ ਅਰਜੋਈਆਂ ਦੀ ਵਧਾਈਆਂ ਦਿਤੀਆਂ। ਮੈਚ ਸੰਚਾਲਨ ਅੰਗਰੇਜ ਕਲੇਰ ਨੇ ਬਾਖੂਬ ਕੀਤਾ।

# ਪਿੰਡ ਮੁੱਗੋਵਾਲ ਵਿਖੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਬੁੱਤ ਦਾ ਉਦਘਾਟਨ










**ਮੁੱਗੋਵਾਲ–** ਆਜ਼ਾਦੀ ਘੁਲਾਟੀਆਂ ਦੇ ਨਾਂ ਤੇ ਦੇਸ਼ ਭਗਤਾਂ ਦੀਆਂ ਯਾਦਗਾਰਾਂ ਸਥਾਪਤ ਕਰਨੀਆਂ ਸਰਕਾਰਾਂ ਅਤੇ ਗ੍ਰਾਮ ਪੰਚਾਇਤਾਂ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਸ਼ਮਸ਼ੇਰ ਸਿੰਘ ਦੂਲੋਂ ਮੈਂਬਰ ਰਾਜ ਸਭਾ ਅਤੇ ਸਾਬਕਾ ਪ੍ਰਧਾਨ ਪੰਜਾਬ ਕਾਂਗਰਸ ਨੇ ਪਿੰਡ ਮੁੱਗੋਵਾਲ ਵਿਖੇ ਗਦਰੀ ਯੋਧੇ ਅਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਬੁੱਤ ਦਾ ਉਦਘਾਟਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਬਾਬੂ ਜੀ ਦੀ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਹਨਾਂ ਨੇ ਉਸ ਸਮੇਂ ਸੰਘਰਸ਼ ਦਾ ਮੁੱਢ ਬੰਨ੍ਹਿਆ ਜਦੋਂ ਸਾਡੇ ਮੂੰਹ ਤੇ ਤਾਲੇ ਸਨ ਅਤੇ ਪੈਰਾਂ ਵਿਚ ਜੰਜੀਰਾਂ। ਅਸੀਂ ਅੱਜ ਵੀ ਉਚੇ ਮੁਕਾਮ 'ਤੇ ਪਹੁੰਚਣ ਦੇ ਬਾਵਜੂਦ ਵੀ ਆਪਣੀ ਗੱਲ ਰੱਖਣ ਤੋਂ ਝਿਜਕ ਮਹਿਸੂਸ ਕਰਦੇ ਹਾਂ। ਆਮ ਆਦਮੀ, ਮੁਲਾਜ਼ਮ ਅਤੇ ਸਾਡੇ ਨੇਤਾਵਾਂ ਦਾ ਵੀ ਇਹੋ ਹਾਲ ਹੈ ਪਰ ਇੱਦਾਂ ਨਹੀਂ ਹੋਣਾ ਚਾਹੀਦਾ। ਜਿਹੜਾ ਸੰਘਰਸ਼ ਸਾਡੇ ਰਹਿਬਰਾਂ ਗੁਰੂ ਰਵਿਦਾਸ ਜੀ, ਡਾ. ਭੀਮ ਰਾਓ ਅੰਬੇਦਕਰ ਅਤੇ ਬਾਬੂ ਮੰਗੂ ਰਾਮ ਨੇ ਕੀਤਾ ਹੈ। ਸਾਨੂੰ ਉਸਨੂੰ ਅਗਾਂਹ ਲੈ ਕੇ ਜਾਣਾ ਚਾਹੀਦਾ ਹੈ। ਬਾਬੂ ਜੀ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਨੇ ਇਸ ਮਿਸ਼ਨ ਨੂੰ ਅਗਾਂਹ ਬਹੁਤ ਜ਼ੋਰਦਾਰ ਤਰੀਕੇ ਨਾਲ ਤੋਰਿਆ। ਮੈਂ ਐਮ. ਪੀ. ਬਣ ਕੇ ਸਭ ਤੋਂ ਪਹਿਲਾਂ ਸੈਂਟਰ ਦੀ ਸਕੀਮ ਤਹਿਤ ਸਾਹਿਬ ਕਾਂਸ਼ੀ ਰਾਮ ਜੀ ਦਾ ਪਿੰਡ ਸੁੰਦਰ ਗ੍ਰਾਮ ਸਕੀਮ ਅਧੀਨ ਚੁਣਿਆ। ਹੁਣ ਮੈਂਅਗਲਾ ਪਿੰਡ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਚੁਣਾਂਗਾ। ਅੱਜ ਮੈਂ ਇਸ ਪਿੰਡ ਨੂੰ ਆਪਣੇ ਅਖਤਿਆਰੀ ਕੋਟੀ ਵਿਚੋਂ 10 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਕਰਦਾ ਹਾਂ ਅਤੇ ਆਸ ਰੱਖਦਾ ਹਾਂ ਕਿ ਪੰਚਾਇਤ ਇਹ ਰਾਸ਼ੀ ਬਾਬੂ ਜੀ ਦੇ ਨਾਂ ਤੇ ਸਕੂਲ ਬਣਾ ਕੇ ਜਾਂ ਪਹਿਲਾਂ ਬਣੇ ਸਕੂਲ ਦਾ ਨਾਂ ਰੱਖ ਕੇ ਸਿੱਖਿਆ 'ਤੇ ਖਰਚ ਕਰੇ।

ਡਾ. ਜਸਵੰਤ ਰਾਏ ਸਾਹਰੀ ਜਿਹੜੇ ਕਿ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਅਤੇ ਮਿਸ਼ਨ ਤੇ ਖੋਜ ਕਰਕੇ ਕਿਤਾਬ ਲਿਖ ਰਹੇ ਹਨ, ਨੇ ਐਮ. ਪੀ. ਸ੍ਰੀ ਦੂਲੋਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਤੋਂ ਡੇਢ ਸਾਲ ਪਹਿਲਾਂ ਜਦੋਂ ਮੈਂ ਪਿੰਡ ਮੁੱਗੋਵਾਲ ਬਾਬੂ ਜੀ ਸਬੰਧੀ ਜਾਣਕਾਰੀ ਇਕੱਤਰ ਕਰਨ ਆਇਆ ਤਾਂ ਮੈਨੂੰ ਉਹਨਾਂ ਦਾ ਕੋਈ ਚਿੰਨ੍ਹ ਇਹਨਾਂ ਪਿੰਡਾਂ ਵਿਚ ਨਜ਼ਰ ਨਹੀਂ ਆਇਆ। ਮੇਰੇ ਨਾਲ ਮੇਰੇ ਦੋਸਤ ਸ੍ਰੀ ਰਾਮ ਦਿਆਲ ਇੰਸਪੈਕਟਰ ਚੰਡੀਗੜ੍ਹ ਪੁਲਿਸ ਸਨ। ਜਦੋਂ ਅਸੀਂ ਜਸਪਾਲ ਸਿੰਘ ਅਤੇ ਚਰਨੋ ਜੋ ਕਿ ਬਾਬੂ ਜੀ ਦੇ ਪਰਿਵਾਰ ਵਿਚੋਂਸਨ, ਦੇ ਘਰ ਬੈਠਿਆਂ ਉਹਨਾਂ ਨਾਲ ਬਾਬੂ ਜੀ ਬਾਰੇ ਗੱਲਾਂ ਛੇੜੀਆਂ ਤਾਂ ਗੱਲਾਂ ਸੁਣ ਕੇ ਰਾਮ ਦਿਆਲ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ। ਉਸਨੇ ਉਸੇ ਵਕਤ ਜਸਪਾਲ ਸਿੰਘ ਨੂੰ 5 ਹਜ਼ਾਰ ਰੁਪਏ ਕੱਢ ਕੇ ਦਿੱਤੇ ਤੇ ਕਿਹਾ ਕਿ ਤੁਸੀਂ ਇੱਥੇ ਉਹਨਾਂ ਦਾ ਕੋਈ ਚਿੰਨ੍ਹ ਸਥਾਪਤ ਕਰੋ। ਜਸਪਾਲ ਦੇ ਮਨ ਵਿਚ ਪਹਿਲਾਂ ਹੀ ਬੁੱਤ ਦਾ ਸੰਕਲਪ ਚੱਲ ਰਿਹਾ ਸੀ। ਫਿਰ ਉਹ ਹੱਥ ਧੋ ਕੇ ਇਸ ਕੰਮ ਦੇ ਮਗਰ ਪੈ ਗਿਆ।

ਰਾਮ ਦਿਆਲ ਵੱਲੋਂ ਦਿੱਤੀ ਢਾਲ ਨੇ ਉਸਨੂੰ ਆਹਰੇ ਲਾਈ ਰੱਖਿਆ। ਅੱਜ ਉਸ ਮਿਸ਼ਨ ਕਰਕੇ ਹੀ ਇਹ ਬੁੱਤ ਬਣ ਕੇ ਤੁਹਾਡੇ ਸਾਹਮਣੇ ਹੈ ਤੇ ਦੂਲੋਂ ਸਾਹਿਬ ਇਸ ਦਾ ਉਦਘਾਟਨ ਕਰ ਚੁੱਕੇ ਹਨ। ਅੱਜ ਲੋੜ ਹੈ ਬਾਬੂ ਜੀ ਦੇ ਨਾਂ 'ਤੇ ਕਿਸੇ ਮਾਰਗ ਦਾ ਨਾਂ ਰੱਖਣ ਦੀ ਜਾਂ ਆਈ. ਟੀ. ਆਈ. ਦਾ ਨਾਂ ਰੱਖਣ ਦੀ। ਡਾ. ਰਾਏ ਨੇ ਬਾਬੂ ਜੀ ਦੀ ਗਦਰ ਪਾਰਟੀ ਅਤੇ ਆਦਿ ਧਰਮ ਦੀ ਜੜ੍ਹ ਲਾਉਣ ਵਿਚ ਨਿਭਾਈ ਭੂਮਿਕਾ ਦਾ ਵੀ ਜ਼ਿਕਰ ਕੀਤਾ।

ਸ੍ਰੀ ਰਾਮ ਦਿਆਲ ਨੇ ਕਿਹਾ ਕਿ ਬਾਬੂ ਜੀ ਨੇ ਸਭ ਤੋਂ ਪਹਿਲਾਂ ਇਸ ਨਗਰ ਵਿਚ ਸਕੂਲ ਖੋਲ੍ਹ ਕੇ ਦਲਿਤ ਲੋਕਾਂ ਲਈ ਸਿੱਖਿਆ ਦਾ ਦਰਵਾਜ਼ਾ ਖੋਲ੍ਹਿਆ ਸੀ। ਅੱਜ ਵੀ ਦਲਿਤ ਲੋਕਾਂ ਦੀ ਤਰੱਕੀ ਦਾ ਰਾਹ ਸਿੱਖਿਆ ਰਾਹੀਂ ਹੀ ਖੋਲ੍ਹਿਆ ਜਾ ਸਕਦਾ ਹੈ। ਸੋ, ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਨਾਲ ਜੋੜਨਾ ਚਾਹੀਦਾ ਹੈ। ਇਹ ਤਾਂ ਅੱਜ ਇਯ ਪਿੰਡ ਵਿਚ ਸ਼ੁਰੂਆਤ ਹੈ। ਇੱਥੇ ਤਾਂ ਇਸ ਯੋਧੇ ਦੇ ਨਾਂ 'ਤੇ ਮੰਦਰ ਉਸਰਨਗੇ ਤੇ ਮੇਲੇ ਲੱਗਣਗੇ। ਸਮਾਗਮ ਨੂੰ ਰਾਮ ਦਿਆਲ ਦੀ ਬੇਟੀ ਇਸ਼ਾ ਦਿਆਲ, ਐਡਵੋਕੇਟ ਪੰਕਜ ਕਿਰਪਾਲ, ਹਰਬੰਸ ਰਾਏ। ਜੈਲਦਾਰ ਦਵਿੰਦਰ ਸਿੰਘ, ਬਲਵਿੰਦਰ ਸਿੰਘ ਬਿੱਟੂ, ਪਲਵਿੰਦਰ ਚੋਪੜਾ, ਐਡਵੋਕੇਟ ਪਵਨਪ੍ਰੀਤ, ਨਿਰਮਲ ਕੌਰ ਬੱਧਣ, ਗੁਰਦੇਵ ਸਿੰਘ ਫਰੀਡਮ ਫਾਇਟਰ ਐਸੋਸੀਏਸ਼ਨ, ਗਿਆਨ ਚੰਦ ਬਾੜੀਆਂ, ਸੋਮ ਨਾਥ ਬੰਗੜ, ਬਾਬੂ ਜੀ ਦੇ ਪਰਿਵਾਰ 'ਚੋਂ ਚਰਨਜੀਤ ਕੁਮਾਰ, ਰਜਿੰਦਰ ਕੁਮਾਰ, ਡਾ. ਕਰਮਜੀਤ ਸਾਹਿਲਪੁਰ, ਪ੍ਰੇਮ ਸਿੰਘ ਅਤੇ ਨਗਰ ਨਿਵਾਸੀ ਹਾਜ਼ਰ ਸਨ। ਸਰਪੰਚ ਸੁਖਵਿੰਦਰ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਸਟੇਜ ਦੀ ਕਾਰਵਾਈ ਨਿਰਮਲ ਸਿੰਘ ਨਿੰਮਾ ਨੇ ਨਿਭਾਈ। ***ਰਿਪੋਰਟ– ਜਸਵੰਤ ਰਾਏ ਸਾਹਰੀ*** *(91-98158-24999)*

## ਵਰਲਡ ਸਿੱਖ ਕਨਵੈਨਸ਼ਨ 3 ਅਤੇ 4 ਮਾਰਚ ਨੂੰ ਨਿਊਯਾਰਕ ਵਿਚ ਹੋਵੇਗੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਦਿੱਤੇ ਸੰਦੇਸ਼ ਅਨੁਸਾਰ ਵਰਲਡ ਸਿੱਖ ਕਨਵੈਨਸ਼ਨ 3 ਅਤੇ 4 ਮਾਰਚ 2018 ਨੂੰ ਕਰਾਉਣ ਦਾ ਫੈਸਲਾ ਕੀਤਾ ਹੈ। ਇਹ ਸੰਦੇਸ਼ ਭਾਈ ਹਵਾਰਾ ਵੱਲੋਂ ਹੱਥ ਲਿਖਤ ਤੌਰ 'ਤੇ ਦਿੱਤਾ ਗਿਆ ਹੈ, ਜਿਸ ਵਿਚ ਸਮੁੱਚੀ ਸਿੱਖ ਕੌਮ ਨੂੰ ਇੱਕਮੁਠ ਹੋ ਕੇ ਸਿੱਖ ਮਸਲੇ ਹੱਲ ਕਰਨ ਲਈ ਕਿਹਾ ਗਿਆ ਹੈ ਅਤੇ ਵਰਲਡ ਸਿੱਖ ਕਨਵੈਨਸ਼ਨ ਵਿਚ ਸਮੁੱਚੀ ਸਿੱਖ ਕੌਮ ਨੂੰ ਪੁੱਜਣ ਲਈ ਸੱਦਾ ਦਿੱਤਾ ਹੈ।

ਵਰਲਡ ਸਿੱਖ ਕਨਵੈਨਸ਼ਨ ਦੇ ਪ੍ਰਬੰਧਕ ਮੈਂਬਰਾਂ ਵੱਲੋਂ ਇਸ ਸਬੰਧੀ ਸੱਦਾ ਪੱਤਰ ਦੇਣ ਦਾ ਇਕ ਪੋਸਟਰ ਵੀ ਜਾਰੀ ਕੀਤਾ ਗਿਆ। ਭਾਈ ਜਗਤਾਰ ਸਿੰਘ ਹਵਾਰਾ ਨੇ ਸਿੱਖ ਕੌਮ ਨੂੰ ਸੱਦਾ ਪੱਤਰ ਦਿੰਦਿਆਂ ਕਿਹਾ ਕਿ ਵਰਲਡ ਸਿੱਖ ਕਨ-ਵੈਨਸ਼ਨ 3 ਅਤੇ 4 ਮਾਰਚ ਨੂੰ ਨਿਊਯਾਰਕ ਵਿਚ ਕਰਵਾਈ ਜਾ ਰਹੀ ਹੈ।

3 ਮਾਰਚ ਸ਼ਨੀਵਾਰ ਨੂੰ ਦੁਪਹਿਰ ਇਕ ਵਜੇ ਤੋਂ ਛੇ ਵਜੇ ਤੱਕ ਵਰਲਡ ਫੇਅਰ ਮਰੀਨਾ ਫਲੁਸ਼ਿੰਗ ਨਿਊਯਾਰਕ 11368 ਵਿਖੇ ਸਿੱਖ ਪੰਥ ਜੁੜੇਗਾ ਜਦਕਿ 4 ਮਾਰਚ ਐਤਵਾਰ ਨੂੰ ਇਕ ਵਜੇ ਤੋਂ ਚਾਰ ਵਜੇ ਤੱਕ ਸਿੱਖ ਕਲਚਰ ਸੁਸਾਇਟੀ 95-30, 118 ਸਟਰੀਟ ਰਿਚਮੰਡ ਹਿੱਲ ਨਿਊਯਾਰਕ 11419 ਵਿਚ ਸਿੱਖ ਪੰਥ ਜੁੜ ਕੇ ਵਿਚਾਰਾਂ ਕਰੇਗਾ।

## ਵਿਗੜ ਰਹੇ ਅਮਰੀਕਾ-ਪਾਕਿਸਤਾਨ ਸਬੰਧਾਂ ਨੂੰ ਸੁਧਾਰਨ ਲਈ ਹੋਇਆ ਸੈਮੀਨਾਰ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਇਸ ਸਾਲ ਦੇ ਸ਼ੁਰੂ ਹੁੰਦਿਆਂ ਹੀ ਜਦੋਂ ਅਮਰੀਕਾ ਦੇ ਪ੍ਰਧਾਨ ਡੋਨਾਲਡ ਟਰੰਪ ਨੇ ਪਾਕਿਸਤਾਨ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ 'ਤੇ ਰੋਕ ਲਗਾ ਦਿੱਤੀ ਤਾਂ ਅਮਰੀਕਾ-ਪਾਕਿਸਤਾਨ ਸਬੰਧਾਂ ਵਿਚ ਬਣ ਰਹੀਆਂ ਦੂਰੀਆਂ ਨੇ ਵੱਖਰਾ ਰੂਪ ਲੈ ਲਿਆ। ਪਾਕਿਸਤਾਨ. ਅਮਰੀਕਨ ਸੁਸਾਹਿਟੀ ਆਫ ਨਿਊਯਾਰਕ (ਪਾਸਨੀ) ਵੱਲੋਂ ਅਮਰੀਕਾ-ਪਾਕਿਸਤਾਨ ਸਬੰਧਾਂ ਵਿਚ ਆਏ ਤਣਾਅ ਦੇ ਦੂਰਗਾਮੀ ਪ੍ਰਭਾਵ ਅਤੇ ਦੋਹਾਂ ਦੇਸ਼ਾਂ ਦੀ ਦਹਾਕਿਆਂ ਦੀ ਆਪਸੀ ਸਾਂਝ ਨੂੰ ਦੇਖਦਿਆਂ ਇਹਨਾਂ ਰਿਸ਼ਤਿਆਂ ਨੂੰ ਸੁਧਾਰਨ ਦੇ ਮੰਤਵ ਨਾਲ ਸਫਕ ਕਾਉਂਟੀ ਵਿਚ ਸਥਿਤ ਰੈੜੀਸਨ ਹੋਟਲ ਵਿਖੇ ਇਥਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਕਾਂਵਰਸਮੈਨ ਟੌਪ ਸਾਉਜ਼ੀ ਨੇ ਖਾਸ ਤੌਰ 'ਤੇ ਸ਼ਮੂਲੀਅਤ ਕੀਤੀ। ਲੱਗਭੱਗ ਤਿੰਨ ਘੰਟੇ ਚੱਲੇ ਇਸ ਸੈਮੀਨਾਰ ਦੀ ਕਾਰਵਾਈ ਅੰਗਰੇਜ਼ੀ ਵਿਚ ਸੀ। ਜਿੱਥੇ ਅਮਰੀਕਾ-ਪਾਕਿਸਤਾਨ ਰਿਸ਼ਤਿਆਂ ਦੇ ਤਾਰ ਅਫਗਾਨਿਸਤਾਨ ਨਾਲ ਜੁੜੇ ਹੋਏ ਹਨ, ਉਥੇ ਦੱਖਣੀ ਏਸ਼ੀਆ ਖਿੱਤੇ ਵਿਚ ਸਿੱਖ ਕੌਮ ਦੀ ਅਹਿਮੀਅਤ ਨੂੰ ਸਮਝਦਿਆਂ ਪਾਸਨੀ ਵੱਲੋਂ ਸਿੱਖ ਵਫਦ ਨੂੰ ਵੀ ਸੱਦਾ ਦਿੱਤਾ ਗਿਆ ਸੀ, ਜਿਸਦੀ ਅਗਵਾਈ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਕੀਤੀ।

ਡਾ. ਅਮਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਭਾਰਤ ਅਤੇ ਪਾਕਿਸਤਾਨ ਵਿਚ ਬੈਠੀ ਹੈ। ਦੱਖਣੀ ਏਸ਼ੀਆ ਦੇ ਖਿੱਤੇ ਵਿਚ ਸ਼ਾਂਤੀ ਬਹਾਲ ਕਰਨ ਲਈ ਇਹ ਜ਼ਰੂਰੀ ਹੈ ਕਿ ਦੋਹਾਂ ਦੇਸ਼ਾਂ ਵਿਚ ਆਪਸੀ ਸਬੰਧ ਚੰਗੇ ਹੋਣ ਪਰ ਪਿਛੋਕੜ ਨੂੰ ਦੇਖਦਿਆਂ ਇਹ ਸੰਭਵ ਨਹੀਂ। ਕਾਂਗਰਸਮੈਨ ਟੌਪ ਸਾਉਜ਼ੀ ਨੇ ਕਿਹਾ ਕਿ ਉਹ ਮੁਸਲਮਾਨ, ਸਿੱਖਾਂ ਤੇ ਹੋਰ ਘੱਟ ਗਿਣਤੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ ਅਤੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਸਾਨੂੰ ਇਕੱਠੇ ਹੋ ਕੇ ਆਪਸੀ ਸਾਝ ਨਾਲ ਮਸਲਿਆਂ ਦਾ ਹੱਲ ਲੱਭਣਾ ਚਾਹੀਦਾ ਹੈ।

## ਮਿੱਟੀ ਦੀ ਵਰਤੋਂ ਨਾਲ ਪੈਦਾ ਹੋਵੇਗੀ ਬਿਜਲੀ

**ਚੰਡੀਗੜ੍ਹ (ਬਿਊਰੋ)–** ਘਰ 'ਚ ਰੱਖੇ ਗਮਲਿਆਂ ਅਤੇ ਕਿਆਰੀਆਂ ਤੋਂ ਭਾਵੇਂ ਫੁੱਲ, ਫਲ ਅਤੇ ਸਬਜ਼ੀਆਂ ਮਿਲਦੀਆਂ ਹਨ ਪਰ ਹੈਰਾਨੀ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਮਿੱਟੀ ਤੋਂ ਬਿਜਲੀ ਵੀ ਪੈਦਾ ਕੀਤੀ ਜਾ ਸਕਦੀ ਹੈ। ਸੁਣਨ 'ਚ ਭਾਵੇਂ ਇਸ 'ਤੇ ਭਰੋਸਾ ਨਾ ਕੀਤਾ ਜਾ ਸਕੇ ਪਰ ਪੰਜਾਬੀ ਮੂਲ ਦੇ ਭੌਤਿਕ ਵਿ-ਗਆਨੀ ਡਾਕਟਰ ਸੁਨੀਲ ਕੁਮਾਰ ਨੇ ਆਪਣੇ ਦੋ ਕੋਰੀਅਨ ਸਾਥੀਆਂ ਨਾਲ ਮਿਲ ਕੇ ਸਾਬਿਤ ਕਰ ਦਿੱਤਾ ਹੈ ਕਿ ਸਿਰਫ਼ ਮਿੱਟੀ ਦੀ ਵਰਤੋਂ ਨਾਲ ਹੀ ਘਰਾਂ ਦੇ ਉਪਕਰਣਾਂ ਨੂੰ ਚਲਾਉਣਾ ਸੰਭਵ ਹੈ।

ਮੌਜੂਦਾ ਸਮੇਂ 'ਚ ਦੱਖਣੀ ਕੋਰੀਆ ਦੀ ਡੌਂਗੂ ਯੂਨੀਵਰਸਿਟੀ 'ਚ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਅ ਰਹੇ ਡਾਕਟਰ ਸੁਨੀਲ ਕੁਮਾਰ ਪਟਿਆਲਾ ਨਾਲ ਸਬੰਧਤ ਹਨ। ਉਨ੍ਹਾਂ ਮਿੱਟੀ ਤੋਂ 24 ਘੰਟੇ ਹਾਈਬ੍ਰਿਡ ਹਰਿਤ ਊਰਜਾ ਤੰਤਰ ਵਿਕਸਤ ਕੀਤਾ ਹੈ। ਇਸ ਪ੍ਰਣਾਲੀ ਰਾਹੀਂ ਜ਼ਮੀਨ ਨੂੰ ਨਿਯਮਤ ਤੌਰ 'ਤੇ ਖੁਰਾਕ ਦੇ ਕੇ ਅਤੇ ਇਲੈਕਟਰੋ ਕੈਮਿਕਲ ਪਹੁੰਚ ਦੀ ਵਰਤੋਂ ਕਰਕੇ ਮਿੱਟੀ ਦੇ ਸੂਖਮ ਜੀਵਾਂ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਲੈਕਟਰੋ ਕੈਮਿਕਲ ਧਾਰਨਾ ਨਾਲ ਮੋਬਾਈਲ ਫੋਨਾਂ 'ਚ ਆਮ ਬੈਟਰੀ ਦੀ ਵਰਤੋਂ ਕੀਤੀ ਜਾਂਦੀ ਹੈ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
SPECIAL BIT INSPECTION AND DOT AUDIT COMPLIANCE:
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
2680 N TRACY BLVD, SUITE 4, TRACY, CA 95376
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services

# ਮਾਪੇ ਬੱਚੇ ਤੇ ਪ੍ਰੇਮ

ਪਰਮਜੀਤ ਕੌਰ ਸੋਢੀ
91-94786-58384



ਮਾਪੇ ਬੱਚੇ ਤੇ ਪ੍ਰੇਮ ਇੰਨਾ ਦੇ ਵਿਚਾਲੇ ਆਖਰ ਮਰਿਆ ਕੌਣ ਜੀਤੂ ਆਪਣੇ ਮਾਂ ਬਾਪ ਦੀ ਇਕਲੌਤੀ ਬੇਟੀ ਸੀ। ਹਰ ਵੇਲੇ ਮਾਂ ਬਾਪ ਦੇ ਨਾਲ, ਨਾਲ ਪਰਛਾਵੇਂ ਵਾਂਗ ਰਹਿਣਾ ਜਿਵੇਂ ਉਸਦੀ ਆਦਤ ਬਣ ਗਈ ਹੋਵੇ। ਤੇ ਰੱਬ ਵਰਗੇ ਮਾਪਿਆ ਨਾਲ ਦਗਾ ਕਮਾਉਣਾ ਤਾਂ ਉਸਦੇ ਨੇੜੇ ਪਣਪਦਾ ਤੱਕ ਨਹੀਂ ਸੀ। ਮਾਪਿਆਂ ਨੇ ਵੀ ਉਸਨੂੰ ਖੂਬ ਪੜਾਇਆ, ਹਰ ਖੁਆਇਸ਼ ਪੂਰੀ ਕੀਤੀ ਤੇ ਧੀ ਲਈ ਮਹਿੰਗੀ ਤੋ ਮਹਿੰਗੀ ਚੀਜ਼ ਖਰੀਦਣੀ ਜਿਵੇਂ ਜੀਤੂ ਦੇ ਪਾਪਾ ਦਾ ਸ਼ੌਕ ਬਣ ਗਿਆ ਹੋਵੇ।

ਪਰ ਜੀਤੂ ਦੀ ਮਾਂ ਨੇ ਆਪਣੇ ਪਤੀ ਨਾਲ ਗੁੱਸੇ ਹੋਣਾ ਤੇ ਹਰ ਵਾਰ ਪੁੱਛਣਾ ਕਿ ਤੇਰੇ ਕੋਲ ਇੰਨੇ ਪੈਸੇ ਕਿੱਥੋਂ ਆਉਂਦੇ ਹਨ ਕੁੜੀ ਤੇ ਲੋੜ ਤੋ ਵੱਧ ਖਰਚਾ ਕਰਨ ਵਾਸਤੇ ਤੇ ਜੀਤੂ ਦੇ ਪਿਤਾ ਨੇ ਹਰ ਵਾਰ ਆਪਣੀ ਪਤਨੀ ਤੋ ਗੱਲ ਮੋਲ ਕਰ ਦੇਣੀ ਕਿਉਂਕਿ ਗਰੀਬ ਕਿਸਾਨ ਹੋਣ ਕਰਕੇ ਜਿਆਦਾ ਕਮਾਈ ਦਾ ਸਾਧਨ ਤਾਂ ਕੋਈ ਹੈ ਨਹੀਂ ਸੀ ਕਦੇ ਕਿਸੇ ਲੋੜਵੰਦ ਲਈ ਖੂਨ ਕਢਾ ਕੇ ਵੇਚ ਦੇਣਾ ਤੇ ਕਦੇ ਕਿਸੇ ਦੇ ਸਖ਼ਤ ਕੰਮ ਕਰਕੇ ਧੀ ਦੀਆ ਲੋੜਾਂ ਪੂਰੀਆਂ ਕਰਦਾ ਇਸ ਪਿੱਛੇ ਉਸਦਾ ਇੱਕੋ ਇਕ ਮਕਸਦ ਸੀ ਧੀ ਨੂੰ ਉੱਚ ਅਫਸਰਾਂ ਬਣਾਉਣਾ।ਇਕ ਦਿਨ ਜੀਤੂ ਦਾ ਫੋਨ ਆਇਆ ਤੇ ਕਹਿਣ ਲੱਗੀ ਪਾਪਾ ਮੇਰੀ ਲਾਅ ਦੀ ਡਿਗਰੀ ਪੂਰੀ ਹੋ ਗਈ ਕੱਲ ਮੈ ਘਰ ਆਵਾਂਗੀ ਮਾਪਿਆ ਦਾ ਜਿਵੇਂ ਧਰਤੀ ਪੈਰ ਨਾ ਲੱਗੇ ਕਿ ਸਾਡੀ ਵਕੀਲ ਬੇਟੀ ਘਰ ਦੀ ਰੌਣਕ ਘਰ ਆ ਰਹੀ ਹੈ। ਪਰ ਹੋਇਆ ਇਸ ਦੇ ਉਲਟ ਜੀਤੂ ਘਰ ਆਈ ਬੜੀ ਉਦਾਸ ਤੇ ਮਾਪਿਆ ਨੂੰ ਥੱਕੀ ਹੋਈ ਕਹਿਕੇ ਪੈ ਗਈ ਮਾਂ ਦੇ ਲੱਖ ਕਹਿਣ ਦੇ ਬਾਵਜੂਦ ਨਾ ਤਾਂ ਕੁਝ ਦੱਸਿਆ ਤੇ ਨਾ ਹੀ ਕੁਝ ਖਾਂਦਾ ਉਸੇ ਰਾਤ ਜੀਤੂ ਨੇ ਆਤਮ ਹੱਤਿਆ ਕਰ ਲਈ ਸੀ ਤੇ ਨਾਲ ਇਕ ਸੁਸਾਈਡ ਨੋਟ ਲਿਖਿਆ ਸੀ ਪਾਪਾ ਮੰਮੀ ਮੈ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ ਤੇ ਤੁਹਾਡੇ ਕੋਲੋਂ ਦੂਰ ਵੀ ਨਹੀਂ ਸੀ ਜਾਣਾ ਚਾਹੁੰਦੀ ਪਰ ਮੈ ਤੁਹਾਡਾ ਲਾਡ-ਪਿਆਰ ਸਭ ਭੁਲਾ ਇਕ ਲੜਕੇ ਨਾਲ ਪਿਆਰ ਕਰ ਬੈਠੀ ਤੇ ਉਸਨੇ ਮੇਰਾ ਸਭ ਕੁਝ ਲੁੱਟ ਮੇਰੇ ਨਾਲ ਧੋਖਾ ਕੀਤਾ ਹੈ ਜਿਸ ਲਈ ਮੈਂ ਸੁਸਾਈਡ ਕਰ ਰਹੀ ਹਾਂ। ਮੈ ਤੁਹਾਨੂੰ ਦੱਸਣਾ ਚਾਹੁੰਦੀ ਸੀ ਡਰ ਕਾਰਨ ਦੱਸ ਨਹੀਂ ਸਕੀ ਨਾ ਹੀ ਮੈ ਤੁਹਾਡੇ ਵੱਲੋਂ ਦਿੱਤੇ ਪਿਆਰ,ਸੰਸਕਾਰ ਦਾ ਮੁੱਲ ਪਾਇਆ ਤੇ ਮੇਰੀ ਗਲਤ ਸੰਗਤ ਨੇ ਹੀ ਮੈਨੂੰ ਮਾਰ ਮੁਕਾਇਆ। ਹੋ ਸਕੇ ਤਾਂ ਮਾਫ਼ ਕਰਨਾ ਮੰਮਾ, ਪਾਪਾ ਪਰ ਮੇਰਾ ਗੁਨਾਹ ਮਾਫ਼ ਕਰਨ ਦੇ ਯੋਗ ਤਾਂ ਨਹੀਂ ਹੈ ਪਰ ਫਿਰ ਵੀ ਹੋ ਸਕੇ ਤਾਂ? ਮਾਂ-ਪਿਉ ਰੋਂਦੇ ਕਰਲਾਉਦੇ, ਭੁੱਬਾਂ ਮਾਰਦੇ ਕਹਿ ਰਹੇ ਸਨ ਜੀਤੂ ਤੂੰ ਇੱਕਲੀ ਨਹੀਂ ਮਰੀ ਅਸੀਂ ਵੀ ਅੱਜ ਤੇਰੇ ਨਾਲ ਮਰੇ ਹਾਂ ਤੂੰ ਸਾਨੂੰ ਜਿਉਂਦੇ ਜੀ ਮਾਰ ਚੱਲੀਏ ਅੱਜ ਨਾਲੇ ਜੀਵਾਂਗੇ ਨਾਲੇ ਲੋਕਾਂ ਦੇ ਤਾਹਨੇ, ਮਿਹਣੇ ਸੁਣਾਂਗੇ ਤੇ ਤੇਰੇ ਵਿਛੋੜੇ ਦੇ ਗਮ ਨਾਲ ਤਿਲ-ਤਿਲ ਮਰਦੇ ਰਹਾਂਗੇ ਇਸ ਤੋ ਚੰਗਾ ਤਾਂ ਸਾਨੂੰ ਵੀ ਨਾਲ ਹੀ ਮਾਰ-ਮੁਕਾ ਦਿੰਦੀ।

ਸੋ ਬਚਿਓ ਮਾਪਿਆ ਵੱਲੋਂ ਦਿੱਤੀ ਖੁੱਲ ਦਾ ਮਜ਼ਾਕ ਨਾ ਉਡਾਓ ਸਮਾਜ ਵਿੱਚ ਆਪਣੇ ਮਾਪਿਆਂ ਦਾ ਰੁਤਬਾ ਉੱਚਾ ਕਰੋ ਮਾਣ ਵਧਾਓ ਅਜਿਹਾ ਕੰਮ ਨਾ ਕਰੋ ਜਿਸ ਨਾਲ ਮਾਪੇ ਜਿਉਂਦੇ ਜੀਅ ਮਰ ਹੀ ਜਾਣ ਜਿਹੜੇ ਬੱਚੇ ਅਜਿਹਾ ਕਰਦੇ ਹਨ ਉਹ ਆਪਣੇ ਮਾਪਿਆ ਦੇ ਹੱਥਾਂ ਵੱਲ ਵੇਖਣ ਜਿੰਨਾ ਵਿੱਚ ਬੱਚਿਆਂ ਦੀ ਖਾਤਰ ਕੰਮ ਕਰਦਿਆਂ ਖੂਨ ਚੋਣ ਲੱਗ ਪੈਂਦਾ ਹੈ ਪਿਆਰੇ ਬਚਿਓ ਕੀ ਮਾਪੇ ਤੁਹਾਡਾ ਪਹਿਲਾ ਪਿਆਰ ਨਹੀਂ ਹਨ। ਜੇਕਰ ਸਮਝਦੇ ਹੋ ਕੇ ਮਾਪੇ ਸਾਡਾ ਪਹਿਲਾ ਪਿਆਰ ਹੈ ਤਾਂ ਅਜਿਹੀ ਗਲਤੀ ਕਦੀ ਨਾ ਕਰਨਾ ਮੈਨੂੰ ਸਮਝ ਨਹੀਂ ਆਉਂਦੀ ਬੱਚਿਓ ਕਿ ਦੋ, ਚਾਰ ਮਹੀਨਿਆਂ ਦੇ ਝੂਠੇ ਪਿਆਰ ਪਿੱਛੇ ਲੱਗ ਰੱਬ ਵਰਗੇ ਮਾਪਿਆਂ ਦਾ ਪਿਆਰ, ਵਿਸ਼ਵਾਸ, ਕੁਰਬਾਨੀ ਕਿਵੇਂ ਭੁੱਲ ਜਾਂਦੇ ਹੋ। ਮੈ ਇਹ ਨਹੀਂ ਕਹਿੰਦੀ ਪਿਆਰ ਕਰਨਾ ਗਲਤ ਹੈ ਪਰ ਪਿਆਰ ਕਰੋ ਸੱਚਾ ਉਸ ਵਾਹਿਗੁਰੂ ਨਾਲ ਤੇ ਵਾਹਿਗੁਰੂ ਜੀ ਵਰਗੇ ਮਾਪਿਆਂ ਨਾਲ ਜੋ ਤੁਹਾਡੀ ਹਰ ਮਰਜ਼ ਨੂੰ ਪਛਾਣ ਕੇ ਹਰ ਲੋੜ ਪੂਰੀ ਕਰਦੇ ਹਨ। ਜਦੋਂ ਟਾਈਮ ਆਵੇਗਾ ਜੀਵਣ ਸਾਥੀ ਵੀ ਮਾਪੇ ਤੁਹਾਨੂੰ ਆਪ ਹੀ ਲੱਭ ਦੇਣਗੇ, ਉਹ ਵੀ ਤੁਹਾਡੀ ਪਸੰਦੀ ਦਾ ਜੋ ਤੁਹਾਡਾ ਸਾਥ ਵੀ ਦੇਵੇਗਾ ਤੇ ਪੂਰਾ ਮਾਣ ਸਨਮਾਨ ਵੀ ਦੇਵੇਗਾ ਇਸ ਨਾਲ ਤੁਸੀਂ ਖੁਸ਼, ਮਾਪੇ ਖੁਸ਼, ਸਹੁਰੇ ਖੁਸ਼ ਸੋ ਬਚਿਓ ਇਸ ਆਰਟੀਕਲ ਨਾਲ ਕਿਸੇ ਬੱਚੇ ਨੂੰ ਸੋਝੀ ਮਿਲਦੀ ਹੈ ਤਾਂ ਮੈ ਸਮਝਾਂਗੀ ਮੇਰਾ ਲਿਖਿਆ ਸਫਲ ਹੋ ਗਿਆ ਹੈ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

# ਕਹਾਣੀ ਵਿਚਾਰ ਮੰਚ ਦੀ ਤ੍ਰੈਮਾਸਕ ਇੱਕਰਤਤਾ, ਕੁੱਛ ਸਾਥੀਆਂ ਦੇ ਵਿਛੜ ਜਾਣ 'ਤੇ ਉਹਨਾਂ ਨੂੰ ਸ਼ਰਧਾ ਸੁਮਨ ਭੇਂਟ

ਬੀਤੀ 3 ਫਰਵਰੀ 2018 ਨੂੰ ਕਹਾਣੀ ਵਿਚਾਰ ਮੰਚ ਦੀ ਤ੍ਰਿਮਾਸਕ ਇੱਕਰਤਤਾ ਬਲਜੀਤ ਕੌਰ ਧਾਲੀਵਾਲ ਜੀ ਦੇ ਘਰ ਸਫਲਤਾਪੂਰਵਕ ਸੰਪੰਨ ਹੋਈ। ਸਭਾ ਦੀ ਸ਼ੁਰੂਆਤ ਵਿਚ ਡਾਕਟਰ ਜਤਿੰਦਰ ਰੰਧਾਵਾ ਦੀ ਭੈਣ ਜੀ ਦੇ ਬੇਵੱਕਤ ਅਕਾਲ ਚਲਾਣਾ ਕਰ ਜਾਣ ਤੇ ਸ਼ੋਕ ਪ੍ਰਗਟ ਕੀਤਾ ਗਿਆ ਅਤੇ ਨਾਲ ਹੀ ਪੰਜਾਬੀ ਸਾਹਿਤਕਾਰਾਂ ਵਿੱਚੋ ਕੁੱਛ ਸਤਿਕਾਰ ਯੋਗ ਸਾਥੀਆਂ ਦੇ ਵਿਛੜ ਜਾਣ ਕਾਰਨ ਉਹਨਾਂ ਨੂੰ ਸ਼ਰਧਾ ਸੁਮਨ ਭੇਂਟ ਕੀਤੇ ਗਏ ਲ ਇਹ ਸਾਹਿਤ ਕਾਰ ਗੁਰਪਾਲ ਸਿੰਘ ਲਿੱਟ, ਸੰਤੋਖ ਸਿੰਘ ਸੰਤੋਖ, ਮਲਕੀਤ ਸਿੰਘ ਸਨ, ਜਿਹਨਾਂ ਦੇ ਬੇਵਕਤੀ ਅਕਾਲ ਚਲਾਣੇ ਕਾਰਨ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ ਲ ਇਸ ਪਿੱਛੋਂ ਕਹਾਣੀਕਾਰ ਬਲਬੀਰ ਕੌਰ ਸੰਘੇੜਾ ਜੀ ਨੇ ਕਹਾਣੀ ਕਲਾ ਬਾਰੇ ਬਹੁਤ ਹੀ ਖ਼ੂਬਸੂਰਤ ਪਰਚਾ ਪੜਿਆ ਜੋ ਸਾਰੇ ਹੀ ਹਾਜ਼ਰ ਮੈਂਬਰਾਂ ਵਲੋਂ ਬਹੁਤ ਸਲਾਹਿਆ ਗਿਆ। ਕੁਲ ਚਾਰ ਕਹਾਣੀਆਂ ਪੜੀਆਂ ਗਈਆਂ । ਜਿਹਨਾਂ ਤੇ ਭਰਪੂਰ ਵਿਚਾਰ ਚਰਚਾ ਅਤੇ ਉਸਾਰੂ ਟੀਕਾ ਟਿੱਪਣੀ ਹੋਈ ਅਤੇ ਸੁਝਾਅ ਪੇਸ਼ ਕੀਤੇ ਗਏ।

ਪਹਿਲੀ ਕਹਾਣੀ ਰਛਪਾਲ ਕੌਰ ਜੀ ਵਲੋਂ ਪੜੀ ਗਈ । ਜਿਸ ਦੀ ਸਲਾਹੁਤਾ ਸਾਰੇ ਮੈਂਬਰਾਂ ਵਲੋਂ ਕੀਤੀ ਗਈ ਅਤੇ ਸਾਰੇ ਮੈਂਬਰਾਂ ਨੇ ਰਛਪਾਲ ਕੌਰ ਦੀ ਇਸ ਕਹਾਣੀ ਜਿਸ ਦਾ ਨਾਮ "ਪੀੜ ਪਰਾਈ" ਸੀ ਨੂੰ ਇਕ ਵਧੀਆ ਕਹਾਣੀ ਆਖ ਨਿਵਾਜਿਆ। ਇਸ ਕਹਾਣੀ ਦਾ ਵਿਸ਼ਾ "ਮਾਨਸਿਕ ਸਮਸਿਆਵਾਂ ਤੇ ਪੰਜਾਬੀ ਭਾਈਚਾਰੇ ਦਾ ਰਵਈਆ" ਸੀ। ਬਹੁਤ ਜ਼ਹੀਨ ਵਿਸ਼ੇ ਦੀ ਸੋਹਣੀ ਪੇਸ਼ਕਾਰੀ ਸੀ।




ਦੂਸਰੀ ਕਹਾਣੀ ਸੁੰਦਰਪਾਲ ਰਾਜਾ ਸਾਂਸੀ ਜੀ ਦੀ "ਇਕ ਰੰਗੇ ਹੱਸੇ, ਇਕ ਰੰਗ ਰੋਵੇ " ਕਹਾਣੀ ਸੀ ਜੋ ਸਬ ਨੂੰ ਬਹੁਤ ਪਸੰਦ ਆਈ। ਇਹ ਕਹਾਣੀ ਪੰਜਾਬੀ ਸਮਾਜ ਵਿੱਚ ਨਸ਼ਿਆਂ ਦੇ ਵੱਧਦੇ ਪ੍ਰਭਾਵਾਂ ਹੇਠ ਤ੍ਰਾਸਦੀ ਸਹਿੰਦੀ ਇਸਤਰੀ ਜਾਤੀ ਦੀ ਵਿਥਿਆ ਨੂੰ ਬਿਆਨ ਕਰਦੀ ਕਹਾਣੀ ਸੀ। ਜਿਸ ਤੇ ਕਾਫੀ ਵਿਚਾਰ ਚਰਚਾ ਹੋਈ ਲ ਲੇਖਿਕਾ ਨੂੰ ਚੰਗੇ ਸੁਝਾਅ ਵੀ ਪੇਸ਼ ਕੀਤੇ ਗਏ।

ਤੀਸਰੀ ਕਹਾਣੀ ਜਤਿੰਦਰ ਕੌਰ ਰੰਧਾਵਾ ਦੀ ਸੀ, ਜਿਸ ਦਾ ਸਿਰਲੇਖ ਸੀ "ਤੇ ਉਹ ਚੱਲਾ ਗਿਆ"। ਇਹ ਕਹਾਣੀ ਇਸਤਰੀ ਮਨ ਦੀਆਂ ਡੂੰਘੀਆਂ ਪਰਤਾਂ ਨੂੰ ਫੋਲਦੀ ਇਕ ਭਾਵਪੂਰਤ ਕਹਾਣੀ ਸੀ। ਜਿਸ ਨੇ ਹਾਜ਼ਿਰ ਸਰੋਤਿਆਂ ਪਾਸੋਂ ਚੰਗੀ ਵਾਹ ਵਾਹ ਖੱਟੀ। ਕਹਾਣੀ ਆਕਾਰ ਵਿੱਚ ਛੋਟੀ ਸੀ ਤੇ ਮਿੰਨੀ ਕਹਾਣੀ ਦੀ ਕਸੌਟੀ ਤੇ ਖ਼ਰੀ ਉੱਤਰਦੀ ਸੰਪੂਰਨ ਕਹਾਣੀ ਸੀ ਜੋ ਅਰਥ ਬੜੇ ਡੂੰਘੇ ਸਿਰਜ ਗਈ।

ਚੌਥੀ ਕਹਾਣੀ, ਕਹਾਣੀਕਾਰ ਸੁਰਿੰਦਰਜੀਤ ਕੌਰ ਜੀ ਵਲੋਂ ਪੜੀ ਗਈ। ਜੋ ਇਕ ਬੇਹਤਰੀਨ ਮਨੋਵਿਗਿਆਨਕ ਕਹਾਣੀ ਸੀ ਅਤੇ ਸਾਰੇ ਹਾਜ਼ਰ ਮੈਬਰਾਂ ਵਲੋ ਉਸ ਉਪਰ ਉਸਾਰੂ ਟੀਕਾ ਟਿੱਪਣੀ ਹੋਈ ਅਤੇ ਸੁਝਾਅ ਵੀ ਪੇਸ਼ ਕੀਤੇ ਗਏ। ਨਵੇਂ ਸਾਲ ਦੀ ਇਸ ਪਹਿਲੀ ਮੀਟਿੰਗ ਵਿੱਚ ਖੂਬ ਰੌਣਕ ਤੇ ਗਹਿਮਾ ਗਹਿਮੀ ਰਹੀ ਲ ਮੀਟਿੰਗ ਦੇ ਅਰਧ-ਵਿਰਾਮ ਵਿੱਚ ਇੰਡੀਆ ਦੇ ਕਹਾਣੀਕਾਰ ਭੋਲਾ ਸਿੰਘ ਸੰਘੇੜਾ ਜੀ ਦੀ ਕਿਤਾਬ ਇਹ " ਜੰਗ ਕੌਣ ਲੜੇਗਾ" ਨੂੰ ਜੀ ਆਇਆ ਵੀ ਕਿਹਾ ਗਿਆ ਤੇ ਸਾਰੇ ਕਹਾਣੀ ਵਿਚਾਰ ਮੰਚ ਦੇ ਮੈਂਬਰਾਂ ਨੇ ਪੰਜਾਬੀ ਸਾਹਿਤ ਜਗਤ ਵਿੱਚ ਇਸ ਕਿਤਾਬ ਦਾ ਦਿਲ ਖੋਲ ਕੇ ਸਵਾਗਤ ਕੀਤਾ।

ਇਸ ਕਹਾਣੀ ਮੀਟਿੰਗ ਵਿੱਚ ਬਲਬੀਰ ਕੋਰ ਸੰਘੇੜਾ ਅਤੇ ਉਹਨਾਂ ਦੇ ਪਤੀ ਸਤਿਕਾਰਯੋਗ ਸ਼੍ਰੀ ਮਾਨ ਸੰਘੇੜਾ, ਬਲਰਾਜ ਚੀਮਾ, ਕੁਲਜੀਤ ਮਾਨ, ਮਿੰਨੀ ਗਰੇਵਾਲ, ਰਿੰਟੂ ਭਾਟੀਆ ਸੁਰਜਨ ਜ਼ੀਰਵੀ, ਬਰਾਜਿੰਦਰ ਗੁਲਾਟੀ, ਮਨਮੋਹਨ ਗੁਲਾਟੀ, ਅਜਾਇਬ ਸਿੰਘ ਟੱਲੇਵਾਲ ,ਬਲਦੇਵ ਸਿੰਘ ਦੂੜੇ, ਸ੍ਰੀ ਮਤੀ ਕੁਲਦੀਪ ਦੂੜੇ, ਕਮਲਜੀਤ ਨੱਤ, ਪਰਮਜੀਤ ਦਿਉਲ, ਸੁੰਦਰ ਪਾਲ ਕੋਰ, ਡਾ. ਜਤਿੰਦਰ ਕੋਰ ਰੰਧਾਵਾ,ਰੱਛਪਾਲ ਕੋਰ ਗਿਲ, ਸੁਰਿੰਦਰਜੀਤ ਕੌਰ , ਸੰਦੀਪ ਕੌਰ ,ਬਲਜੀਤ ਧਾਲੀਵਾਲ, ਅਤੇ ਪੱਤਰਕਾਰ ਪ੍ਰਤੀਕ ਸਿੰਘ ਵੀ ਸ਼ਾਮਿਲ ਹੋਏ।

ਬਲਜੀਤ ਧਾਲੀਵਾਲ ਅਤੇ ਪਰਿਵਾਰ ਦੀ ਮਹਿਮਾਨ ਨਿਵਾਜ਼ੀ ਬੇਮਿਸਾਲ ਰਹੀ। ਅਸੀਂ ਕਹਾਣੀ ਵਿਚਾਰ ਮੰਚ ਦੇ ਸਮੂਹ ਮੈਂਬਰਾਂ ਵਲੋਂ ਕੀਤੀ ਗਈ ਮਹਿਮਾਨ ਨਿਵਾਜ਼ੀ ਲਈ ਧਾਲੀਵਾਲ ਪਰਿਵਾਰ ਦਾ ਸ਼ੁਕਰੀਆ ਅਦਾ ਕਰਦੇ ਹਾਂ। ਕੁੱਲ ਮਿਲਾ ਕਹਾਣੀ ਵਿਚਾਰ ਮੰਚ ਦੀ ਇਹ ਮੀਟਿੰਗ ਇੱਕ ਕਾਮਯਾਬ ਮੀਟਿੰਗ ਰਹੀ।

**- ਡਾ. ਜਤਿੰਦਰ ਕੋਰ ਰੰਧਾਵਾ**

# ਅੰਬੇਡਕਰੀ ਸਾਥੀ ਗੌਤਮ ਦੇ ਭੋਗ ਅਤੇ ਅੰਤਿਮ ਅਰਦਾਸ ਸਮਾਗਮ 'ਚ ਪਹੁੰਚੇ ਸ: ਕਰੀਮਪੁਰੀ

## ਅੰਬੇਡਕਰੀ ਸਾਥੀਆਂ ਤੇ ਸਮਾਜਸੇਵੀਆਂ ਨੇ ਪਰਿਵਾਰ ਲਈ ਕਰਿਆਨਾ ਸਟੋਰ ਖੋਲਣ ਲਈ ਦਿੱਤੀ ਆਰਥਿਕ ਮਦਦ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)-** ਮੂਲਨਿਵਾਸੀ ਬਹੁਜਨਾਂ ਨੂੰ ਆਪਣੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਦਾ ਮਿਸ਼ਨ ਚਲਾ ਰਹੇ ਅੰਬੇਡਕਰਵਾਦੀ ਠੇਕੇਦਾਰ ਲਾਲਜੀ ਪ੍ਰਤਾਪ ਗੌਤਮ 40 ਸਾਲ ਦੀ ਉਮਰ 'ਚ ਹੀ 24 ਜਨਵਰੀ ਨੂੰ ਭਗਵਾਨ ਬੁੱਧ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਪੰਜ ਬੱਚਿਆਂ ਤੇ ਪਤਨੀ ਨੂੰ ਛੱਡ ਕੇ ਜਾਣ ਕਾਰਨ ਪਰਿਵਾਰ ਨੂੰ ਤਾਂ ਵੱਡਾ ਘਾਟਾ ਪਿਆ ਹੀ, ਜਿਲ੍ਹੇ 'ਚ ਅੰਬੇਡਕਰੀ ਲਹਿਰ ਦੇ ਮੋਢੀ ਹੋਣ ਕਾਰਨ ਉਨ੍ਹਾਂ ਦੇ ਜਾਣ ਨਾਲ ਸਮਾਜ ਨੂੰ ਵੀ ਵੱਡਾ ਘਾਟਾ ਪਿਆ। ਸਵਾ: ਲਾਲਜੀ ਪ੍ਰਤਾਪ ਗੌਤਮ ਦਾ ਭੋਗ ਅਤੇ ਅੰਤਿਮ ਰਸਮਾਂ ਬੋਧ ਰੀਤਾਂ ਨਾਲ ਅੱਜ ਭੰਤੇ ਪ੍ਰਗਿਆ ਸ਼ੀਲ ਬੋਧੀ ਇੰਚਾਰਜ ਤਕਸ਼ਿੱਲਾ ਬੁੱਧ ਵਿਹਾਰ ਅਤੇ ਹੋਰਨਾਂ ਸਤਿਕਾਰਯੋਗ ਭੰਤੇ ਜਨਾ ਵੱਲੋਂ ਗੁਰਦੁਆਰਾ ਡੇਰਾ ਬਾਬਾ ਕੂਕਰਾਂ ਮੁੰਡੀਆਂ ਕਲ੍ਹਾਂ ਵਿਖੇ ਦੁਪਿਹਰ ਸਾਢੇ 12 ਵਜੇ ਤੋਂ ਡੇਢ ਵਜੇ ਤੱਕ ਕੀਤੀਆਂ ਗਈਆਂ। ਭੰਤੇ ਪ੍ਰਗਿਆ ਬੋਧੀ ਤੇ ਸਤਸੰਗ ਰਾਹੀਂ ਪਰਿਵਾਰ ਅਤੇ ਸਕੇ ਸੰਬਧੀਆਂ ਨੂੰ ਭਾਣਾ ਮੰਨਣ ਲਈ ਕਿਹਾ। ਉਨ੍ਹਾਂ ਭਗਵਾਨ ਬੁੱਧ ਦੇ ਉਪਦੇਸ਼ ਸੁਣਾਉਂਦਿਆਂ ਕਿਹਾ ਕਿ ਸਵਾ: ਗੌਤਮ ਦੀ ਸਾਡੇ ਨਾਲ ਏਨੀ ਕੁ ਹੀ ਸਮਾਜਿਕ ਸਾਂਝ ਸੀ ਜੋ ਹੁਣ ਖਤਮ ਹੋ ਗਈ ਹੈ। ਇਸ ਲਈ ਉਨ੍ਹਾਂ ਦੇ ਵਿਛੋੜੇ 'ਚ ਹੋਰ ਮੰਨ ਦੁਖਾਉਣ ਦੀ ਬਜਾਏ ਸਾਨੂੰ ਉਨ੍ਹਾਂ ਦੀ ਸੋਚ ਨੂੰ ਬਚਾਉਣਾ ਚਾਹੀਦਾ ਹੈ। ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਬਸਪਾ ਦੇ ਸਾਬਕਾ ਸੂਬਾ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਅਤੇ ਸੂਬਾ ਜਨਰਲ ਸਕੱਤਰ ਬਲਵਿੰਦਰ ਬਿੱਟਾ ਨੇ ਕਿਹਾ ਕਿ ਸਵਾ: ਗੌਤਮ ਪਿਛਲੇ ਡੇਢ ਦਹਾਕੇ ਤੋਂ ਜਿਆਦਾ ਸਮੇਂ ਤੋਂ ਬਿਨ੍ਹਾਂ ਰੁਕੇ ਪਾਰਟੀ ਅਤੇ ਸਮਾਜ ਦੀ ਸੇਵਾ ਕਰਦੇ ਆ ਰਹੇ ਹਨ ਜਿਨ੍ਹਾਂ ਵਰਗਾ ਬਣਨਾ ਬਹੁਤ ਹੀ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਸਵਾ: ਲਾਲਜੀ ਪ੍ਰਤਾਪ ਗੌਤਮ ਦੀ ਮੌਤ ਦੀ ਖਬਰ ਸੁਣ ਕੇ ਵੱਡਾ ਧੱਕਾ ਲੱਗਾ ਸੀ। ਉਨ੍ਹਾਂ ਪਰਿਵਾਰ ਨੂੰ ਹਰ ਪ੍ਰਕਾਰ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਮੰਚ ਦਾ ਸੰਚਾਲਨ ਕਰ ਰਹੇ ਪੱਤਰਕਾਰ ਗੁਰਪ੍ਰੀਤ ਸਿੰਘ ਮਹਿਦੂਦਾਂ ਤੋਂ ਇਲਾਵਾ ਮਾਸਟਰ ਰਾਮਾਨੰਦ, ਐਡਵੋਕੇਟ ਹਰਪ੍ਰੀਤ ਸਿੰਘ ਜਮਾਲਪੁਰ, ਤਲਵਿੰਦਰ ਸਿੰਘ ਅਤੇ ਰਾਮ ਸੇਵਕ ਭਾਰਤੀ ਨੇ ਉਨ੍ਹਾਂ ਦੇ ਜੀਵਨ ਤੇ ਚਾਨਣਾ ਪਾਇਆ। ਬਸਪਾ ਦੇ ਸੂਬਾ ਮੀਤ ਪ੍ਰਧਾਨ ਅਜੀਤ ਸਿੰਘ ਭੈਣੀ, ਜਿਲ੍ਹਾ ਪ੍ਰਧਾਨ ਜੀਤ ਰਾਮ ਬਸਰਾ, ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆ, ਸਾਬਕਾ ਦੇਹਾਤੀ ਪ੍ਰਧਾਨ ਸ਼ਿਵ ਚੰਦ ਗੋਗੀ, ਬਲਾਕ ਸੰਮਤੀ ਮੈਂਬਰ ਲਾਭ ਸਿੰਘ ਭਾਮੀਆਂ, ਕਮਲਜੀਤ ਕੌਰ ਅਟਵਾਲ ਅਤੇ ਦਲਬੀਰ ਕਲੇਰ ਨੇ ਉਨ੍ਹਾਂ ਦੀਆਂ ਬਸਪਾ ਅਤੇ ਅੰਬੇਡਕਰ ਲਹਿਰ ਨੂੰ ਦਿੱਤੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਲੋਕ ਇਨਸਾਫ ਪਾਰਟੀ ਦੇ ਗੁਰਮੀਤ ਸਿੰਘ ਮੁੰਡੀਆਂ, ਕਾਂਗਰਸ ਦੇ ਦੇਹਾਤੀ ਪ੍ਰਧਾਨ ਹਰਦੀਪ ਸਿੰਘ ਮੁੰਡੀਆਂ, ਕਾਂਗਰਸ ਦੇ ਸੂਬਾ ਸਕੱਤਰ ਸੁਸ਼ੀਲ ਕੁਮਾਰ ਸ਼ੀਲਾ ਅਤੇ ਵਾਰਡ ਨੰ: 12 ਦੇ ਕੌਂਸਲਰ ਅਤੇ ਸੀਨੀਅਰ ਅਕਾਲੀ ਆਗੂ ਸੁਰਜੀਤ ਸਿੰਘ ਰਾਏ ਨੇ ਸਮਾਜ ਨੂੰ ਦਿੱਤੀਆਂ ਸੇਵਾਵਾਂ ਤੇ ਚਰਚਾ ਕਰਦਿਆਂ ਕਿਹਾ ਕਿ ਸਵਾ: ਲਾਲਜੀ ਵਰਗਾ ਬਣਨਾ ਬਹੁਤ ਔਖਾ ਕਾਰਜ ਹੈ। ਉਹ ਬਸਪਾ ਵਿਚ ਜਿਥੇ ਉੱਚ ਅਹੁਦਿਆਂ ਤੱਕ ਪਹੁੰਚੇ ਉਥੇ ਦੂਸਰੀਆਂ ਪਾਰਟੀਆਂ ਨਾਲ ਵੀ ਸਮਾਜਿਕ ਸਬੰਧ ਕਾਇਮ ਰੱਖਦੇ ਰਹੇ। ਉਨ੍ਹਾਂ ਦੇ ਏਸੇ ਗੁਣ ਕਾਰਨ ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਜਿਥੇ ਜਨ ਸਮੂਹ ਉਮੜ ਗਿਆ ਸੀ ਉਥੇ ਹੀ ਅੱਜ ਅੰਤਿਮ ਅਰਦਾਸ ਸਮਾਗਮ ਵਿੱਚ ਵੀ ਹਰ ਵਰਗ ਦੇ ਲੋਕ ਵੱਡੀ ਗਿਣਤੀ ਵਿੱਚ ਜੁੜੇ ਹਨ। ਲਖਬੀਰ ਸਿੰਘ ਲੱਭਾ ਅਤੇ ਬਾਬਾ ਭੁਪਿੰਦਰ ਸਿੰਘ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਵੱਡੀ ਗਿਣਤੀ ਵਿੱਚ ਹਾਜਰ ਲੋਕਾਂ ਨੇ ਸਵਾ: ਲਾਲਜੀ ਪ੍ਰਤਾਪ ਗੌਤਮ ਦੇ ਪਰਿਵਾਰ ਦਾ ਗੁਜਾਰਾ ਚਲਾਉਣ ਲਈ ਕਰਿਆਨਾ ਸਟੋਰ ਖੋਲਣ ਲਈ ਆਰਥਿਕ ਮੱਦਦ ਦਿੱਤੀ। ਭੰਤੇ ਪ੍ਰਗਿਆ ਬੋਧੀ ਨੇ ਆਪਣੇ ਪੱਲਿਓ ਵੀ 5000 ਦੀ ਆਰਥਿਕ ਮੱਦਦ ਦਿੱਤੀ। ਬਸਪਾ ਦੀ ਜਿਲ੍ਹਾ ਇਕਾਈ ਵੱਲੋਂ ਜਿਥੇ ਕਰਿਆਨਾ ਸਟੋਰ ਖੋਲਣ ਲਈ ਘੱਟਦੀ ਰਾਸ਼ੀ ਪਾਉਣ ਦਾ ਐਲਾਨ ਕੀਤਾ ਗਿਆ ਉਥੇ ਹੀ ਸ: ਮੁੰਡੀਆਂ ਨੇ ਹਰ ਮਹੀਨੇ 11 ਸੌ ਰੁਪਏ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੰਤੋ ਮਹੰਤ, ਬਾਬਾ ਰਵੀ ਗੌਤਮ, ਮਾਸਟਰ ਜਸਵਿੰਦਰ ਸਿੰਘ, ਮਨੇਜਰ ਗੁਰਬਚਨ ਸਿੰਘ, ਗੁਰਦੀਪ ਸਿੰਘ, ਸਵਰਨ ਸਿੰਘ ਪ੍ਰਧਾਨ ਰਮਨਦੀਪ ਤੇ ਸ਼ੰਕਰ ਕਲੋਨੀ, ਅਵਤਾਰ ਸਿੰਘ ਭੱਟੀ ਪ੍ਰਧਾਨ ਨਿਊ ਸੁੰਦਰ ਨਗਰ, ਬਲਜੀਤ ਸਿੰਘ ਬੱਲੀ, ਸੰਭੂ ਸ਼ਾਹਨੀ, ਵਰਿੰਦਰ ਸੋਖੀ, ਜਸਪਾਲ ਸਿੰਘ ਚੋਪੜਾ, ਬੈਂਕ ਮਨੇਜਰ ਜਗਤਾਰ ਸਿੰਘ, ਨਰੇਸ਼ ਬਸਰਾ, ਸੰਤੋਖ ਸੋਖਾ, ਇੰਦਰੇਸ਼ ਕੁਮਾਰ, ਵਿੱਕੀ ਕੁਮਾਰ, ਅਨੁਜ ਕੁਮਾਰ, ਜਤਿੰਦਰ, ਮੁੰਨੀ ਗੌਤਮ, ਕੇਦਾਰ ਨਾਥ, ਬਿੱਲਾ ਪਹਿਲਵਾਨ, ਭੀਮਸੈਨ, ਇੰਦਰਜੀਤ, ਮਾਨ ਸਿੰਘ, ਰਾਜੂ ਨਾਮਧਾਰੀ, ਤ੍ਰਿਲੋਕ ਸਤਿਆਗ੍ਰੇਹੀ, ਸੁਖਦੇਵ ਮਹੇ, ਬਾਬਾ ਚਮਕੌਰ ਸਿੰਘ, ਬਿੱਟੂ ਮੁੰਡੀਆਂ, ਅਸ਼ੋਕ ਕੁਮਾਰ, ਐਡਵੋਕੇਟ ਚੁੰਨੀ ਲਾਲ, ਸਰਬਜੀਤ ਸਿੰਘ ਮਠਾੜੂ, ਰਾਮਲੋਕ ਸਿੰਘ, ਕੇਵਲ ਸਿੰਘ, ਉਮ ਪ੍ਰਕਾਸ, ਜਗਰੂਪ ਕੁਮਾਰ, ਜੀਆ ਲਾਲ ਗੌਤਮ, ਗੁਲਾਬ ਚੰਦ, ਮਹਾਂਦੇਵ ਗੌਤਮ, ਵਿਨੋਦ ਗੌਤਮ, ਇੰਦੂ ਕੁਸ਼ਮਾਕਰ, ਜਰਨਲਿਸਟ ਗੁਰਿੰਦਰ ਕੌਰ ਮਹਿਦੂਦਾਂ, ਸ਼ਸ਼ੀ ਸਿੰਘ, ਗੋਕੁਲ ਪ੍ਰਸਾਦ, ਜਸਵੀਰ ਕੌਰ, ਵਿਕਰਮ ਭਾਰਤੀ, ਸੁਚਿਤ ਕੁਮਾਰ, ਨੀਰੂ ਸ਼ਰਮਾ, ਰਾਧੇ ਸ਼ਰਮਾ, ਜੈ ਰਾਮ, ਅੱਛੇ ਲਾਲ ਅਤੇ ਹੋਰ ਹਾਜਰ ਸਨ।





# ਗਰੀਨ ਕਾਰਡਾਂ ਦੀ ਅਲਾਟਮੈਂਟ 'ਚ ਪ੍ਰਤੀ ਮੁਲਕ ਹੱਦ ਨੂੰ ਖ਼ਤਮ ਕਰਨ ਦੀ ਵਕਾਲਤ

(ਸਫਾ 1 ਦੀ ਬਾਕੀ)

ਚਾਹੀਦੀ ਹੈ। ਇਕ ਹੋਰ ਕਾਂਗਰਸਮੈਨ ਮਾਈਕ ਡੋਇਲ ਨੇ ਐਚ ਆਰ 392 ਦੀ ਹਮਾਇਤ ਕੀਤੀ ਅਤੇ ਕਿਹਾ ਕਿ ਪਿੱਟਸਬਰਗ ਪ੍ਰਤਿਭਾਵਾਨ ਲੋਕਾਂ ਦੇ ਆਉਣ ਅਤੇ ਕੰਮ ਕਰਨ ਦੀ ਉਡੀਕ ਕਰ ਰਿਹਾ ਹੈ। ਕਾਂਗਰਸਮੈਨ ਰੋਨ ਐਸਟਿਸ ਨੇ ਕਿਹਾ ਕਿ ਕਾਂਗਰਸ ਨੂੰ ਇਸ ਮਸਲੇ 'ਤੇ ਅਜੇ ਬਹੁਤ ਕੰਮ ਕਰਨਾ ਬਾਕੀ ਹੈ।

**ਇਮੀਗਰੇਸ਼ਨ ਪ੍ਰਣਾਲੀ 'ਚ ਤੇਜ਼ੀ ਲਿਆਉਣ ਦੀ ਲੋੜ**

ਨਫ਼ਰਤੀ ਅਪਰਾਧ ਦੀ ਘਟਨਾ 'ਚ ਮਾਰੇ ਗਏ ਭਾਰਤੀ ਇੰਜਨੀਅਰ ਸ੍ਰੀਨਿਵਾਸ ਕੁਚੀਬੋਲਤਾ ਦੀ ਪਤਨੀ ਸੁਨੈਣਾ ਦੁਮਾਲਾ ਨੇ ਕਿਹਾ ਹੈ ਕਿ ਅਮਰੀਕੀ ਇੰਮੀਗਰੇਸ਼ਨ ਪ੍ਰਣਾਲੀ 'ਚ ਤੇਜ਼ੀ ਲਿਆਉਣ ਦੀ ਲੋੜ ਹੈ ਅਤੇ ਇਹ ਸਾਰਿਆਂ ਲਈ ਇਕ ਬਰਾਬਰ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੂੰ ਗਰੀਨ ਕਾਰਡ ਜਾਰੀ ਕਰਨ 'ਚ ਮੁਲਕਾਂ ਦੀ ਹੱਦ ਖ਼ਤਮ ਕਰਨੀ ਚਾਹੀਦੀ ਹੈ।



## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ 4 ਫਰਵਰੀ, 2018 ਨੂੰ ਬਹੁਤ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਸਮੂਹ ਪ੍ਰਬੰਧ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ ਇਸੇ ਤਰ੍ਹਾਂ ਕੈਲੇਫਰਨੀਆ ਦੇ ਬਾਕੀ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 641ਵੇਂ ਗੁਰਪੁਰਬ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀ ਇਨਕਲਾਬੀ ਰਹਿਬਰ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।



**ਸ੍ਰੀਮਤੀ ਜ਼ੀਨਾ ਭਾਟੀਆ**

**ਸਾਬਕਾ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ**

**ਸ੍ਰੀ ਮੇਜਰ ਸਿੰਘ ਭਾਟੀਆ**

Owner; ANGELO'S Pizza WINGS, Mini Market Pittsburg



## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ 4 ਫਰਵਰੀ, 2018 ਨੂੰ ਬਹੁਤ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਸਮੂਹ ਪ੍ਰਬੰਧ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ ਇਸੇ ਤਰ੍ਹਾਂ ਕੈਲੇਫਰਨੀਆ ਦੇ ਬਾਕੀ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 641ਵੇਂ ਗੁਰਪੁਰਬ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀ ਇਨਕਲਾਬੀ ਰਹਿਬਰ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।

# ਗੁਰਨਾਮ ਸਿੰਘ ਰੱਤੂ

# ਅਤੇ ਸਮੂਹ ਰੱਤੂ ਪਰਿਵਾਰ



ਗੁਰਨਾਮ ਸਿੰਘ ਰੱਤੂ ਅਤੇ ਉਹਨਾਂ ਦੀ ਸੁਪਤਨੀ ਸੱਤਿਆਵਤੀ ਰੱਤੂ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੋਫੋਰਨੀਆ) ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਉਤਸਵ 9, 10, 11 ਫਰਵਰੀ, ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਮਨਾਏ ਜਾਣ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ ਤਿੰਨੇ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY (CA) ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ



# ਸਮੂਹ ਪ੍ਰਬੰਧਕ ਕਮੇਟੀ

## ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ



ਫਾਇਲ ਚਿੱਤਰ

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਦੇ ਅਹੁਦੇਦਾਰ ਅਤੇ ਮੈਂਬਰ

President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.

**Address : 84/86 Percy Ave., Yuba City, CA 95991. Phone 530-777-9385**

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ 4 ਫਰਵਰੀ, 2018 ਨੂੰ ਬਹੁਤ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਸਮੂਹ ਪ੍ਰਬੰਧ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ ਇਸੇ ਤਰ੍ਹਾਂ ਕੈਲੋਫਰਨੀਆ ਦੇ ਬਾਕੀ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 641ਵੇਂ ਗੁਰਪੁਰਬ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀ ਇਨਕਲਾਬੀ ਰਹਿਬਰ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।




INDIA BAZAAR


Jai Ram Gaught


Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open
seven days
11 AM to 10 PM

Contact Us:
Ph. 510-885-1212
Fax. 510-885-1532



A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to
6:00 PM
Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

## ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੋਫੋਰਨੀਆ) ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਉਤਸਵ 9, 10, 11 ਫਰਵਰੀ, ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਮਨਾਏ ਜਾਣ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ





**ਸ੍ਰੀ ਦਲਵਿੰਦਰ ਰੱਲ੍ਹ**
**ਅਤੇ**
**ਸਮੂਹ ਰੱਲ੍ਹ ਪਰਿਵਾਰ**

**ਸ੍ਰੀ ਦਲਵਿੰਦਰ ਰੱਲ੍ਹ (530-933-3938)**
**ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ**

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ ਤਿੰਨੇ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY (CA) ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ

## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ







**ਕੁਲਦੀਪ ਸਿੰਘ ਸੁੰਮਨ**
**(ਮੀਡੀਆ ਪਰਸਨ) ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ**
**ਅਤੇ ਸਮੂਹ ਸੁੰਮਨ ਪਰਿਵਾਰ**

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਉਤਸਵ 9, 10, 11 ਫਰਵਰੀ, ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਮਨਾਏ ਜਾਣ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 9, 10, 11 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ 4 ਫਰਵਰੀ, 2018 ਨੂੰ ਬਹੁਤ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਸਮੂਹ ਪ੍ਰਬੰਧ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ





ਆਓ ਆਪਾਂ ਸਾਰੇ ਰਲ-ਮਿਲ ਕੇ ਇਸੇ ਤਰ੍ਹਾਂ ਕੈਲੋਫਰਨੀਆ ਦੇ ਬਾਕੀ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 641ਵੇਂ ਗੁਰਪੁਰਬ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀ ਇਨਕਲਾਬੀ ਰਹਿਬਰ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।

## ਫਕੀਰ ਚੰਦ ਮਹਿੰਮੀ ਅਤੇ ਸਮੂਹ ਪਰਿਵਾਰ



ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ 4 ਫਰਵਰੀ, 2018 ਨੂੰ ਬਹੁਤ ਸ਼ਰਧਾ ਪੂਰਵਕ ਮਨਾਏ ਜਾਣ ਦੀਆਂ ਸਮੂਹ ਪ੍ਰਬੰਧ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ ਇਸੇ ਤਰ੍ਹਾਂ ਕੈਲੋਫਰਨੀਆ ਦੇ ਬਾਕੀ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 641ਵੇਂ ਗੁਰਪੁਰਬ ਸਮਾਗਮਾਂ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀ ਇਨਕਲਾਬੀ ਰਹਿਬਰ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਜੀ।

## ਵਿਨੋਦ ਕੁਮਾਰ

ਖਜਾਨਚੀ
ਸ੍ਰੀ ਗੁਰੂ ਰਵਿਦਾਸ ਸਭਾ
ਪਿਟਸਬਰਗ (ਕੈਲੇਫੋਰਨੀਆ)
ਅਤੇ ਸਮੂਹ ਪਰਿਵਾਰ





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

---

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop

# ਵਿਰੋਧੀ ਧਿਰ, ਭਾਜਪਾ ਅਤੇ ਲੋਕ ਸਭਾ ਚੋਣਾਂ

**ਮੋਦੀ ਦੀ ਸਰਕਾਰ ਨੇ ਸਾਢੇ ਤਿੰਨ ਸਾਲ ਪੂਰੇ ਕਰ ਲਏ ਹਨ। ਇਸ ਵੇਰ ਮੋਦੀ ਸਰਕਾਰ ਵੱਲੋਂ ਲਿਆਂਦਾ ਗਿਆ ਆਪਣਾ ਆਖਰੀ ਬਜਟ ਦੇਸ਼ ਦੇ ਕਿਸਾਨਾਂ ਨੂੰ ਸਮਰਪਿਤ ਕੀਤਾ ਹੈ। ਪੇਸ਼ ਕੀਤੇ ਆਰਥਿਕ ਸਰਵੇਖਣ ਵਿਚ ਦੇਸ਼ ਦੇ ਵਿਕਾਸ ਦੀ ਦਰ 7 ਤੋਂ 7.5 ਫੀਸਦੀ ਆਂਕੀ ਗਈ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਹ ਬਜਟ ਆਮ ਲੋਕਾਂ ਦੇ ਆਸ਼ਿਆਂ ਨੂੰ ਪੂਰਾ ਕਰਨ ਵਾਲਾ ਹੈ ਪਰ ਕੇਂਦਰ ਸਰਕਾਰ ਦੇ ਕੰਮਕਾਰ ਦੀ ਸਮੀਖਿਆ ਇਸ ਅਧਾਰ ਉਤੇ ਕਰਨ ਦੀ ਲੋੜ ਹੈ ਕਿ ਇਹਨਾਂ ਸਾਲਾਂ 'ਚ ਉਸਨੇ ਕੀ-ਕੀ ਕੰਮ ਕੀਤੇ? ਕਿੰਨੇ ਚੋਣ ਵਾਅਦੇ ਭਾਜਪਾ ਨੇ ਪੂਰੀ ਕੀਤੇ? ਸਰਕਾਰ ਲੋਕਾਂ ਦੀਆਂ ਉਮੀਦਾਂ ਦੇ ਘੋੜੇ ਉਤੇ ਸਵਾਰ ਹੋ ਕੇ ਆਈ ਸੀ, ਨੌਕਰੀਆਂ ਦਾ ਪਟਾਰਾ ਉਸਨੇ ਖੋਲ੍ਹਣਾ ਸੀ, ਲੋਕਾਂ ਦੇ ਜੀਵਨ ਦਾ ਪੱਧਰ ਉੱਚਾ ਉਸਨੇ ਚੁੱਕਣਾ ਸੀ, ਲੋਕਾਂ ਨੂੰ ਚੰਗੀਆਂ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣੀਆਂ ਹਨ, ਸਭ ਦਾ ਵਿਕਾਸ ਕਰਨਾ ਸੀ ਅਤੇ ਕਿਸੇ ਨੂੰ ਵੀ ਨਿਰਾਸ਼ ਨਹੀਂ ਸੀ ਕਰਨਾ। ਪਰ ਹੋਇਆ ਕੀ?**



ਗੁਰਮੀਤ ਸਿੰਘ ਪਲਾਹੀ
91-98158-02070

ਦੇਸ਼ ਦੇ ਵਿਕਾਸ, ਰੁਜ਼ਗਾਰ, ਸਿੱਖਿਆ, ਸਿਹਤ, ਨਾਗਰਿਕ ਸੁਰੱਖਿਆ, ਕਿਸਾਨਾਂ ਨੂੰ ਫਸਲ ਦਾ ਉਚਿਤ ਮੁੱਲ ਦੇਣ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਮੁੱਦਿਆਂ ਨੂੰ ਛੱਡ ਕੇ ਅੱਜ ਲੋਕ ਚਰਚਾ ਵਿਚ ਤਾਂ ਸੰਪਰਦਾਇਕ ਮੁੱਦੇ ਹਨ, ਇਹਨਾਂ ਵਿਚ ਗਊ ਤੋਂ ਲੈ ਕੇ ਪਾਕਿਸਤਾਨ, ਸਕੂਲ ਸਿਲੇਬਸ ਤੋਂ ਲੈ ਕੇ ਕੀ ਪਹਿਨਣਾ ਚਾਹੀਦਾ ਹੈ ਅਤੇ ਕੀ ਨਹੀਂ ਅਤੇ ਮੁਸਲਿਮ ਔਰਤਾਂ ਨੂੰ ਮੁਸਲਿਮ ਮਰਦਾਂ ਦੇ ਜ਼ੁਲਮਾਂ ਤੋਂ ਛੁਟਕਾਰਾ ਕਿਵੇਂ ਦੁਆਇਆ ਸ਼ਾਮਲ ਹਨ। ਅਸਲ ਵਿਚ ਇਹ ਸੰਪਰਦਾਇਕ ਮੁੱਦੇ ਦੇਸ਼ 'ਤੇ ਰਾਜ ਕਰ ਰਹੀ ਸਿਆਸੀ ਪਾਰਟੀ ਭਾਜਪਾ ਦੇ ਹਰਮਨ ਪਿਆਰੇ ਹਨ, ਜਿਹੜੀ ਦੇਸ਼ ਦੇ ਅਸਲ ਮੁੱਦਿਆਂ ਬਾਰੇ ਚਰਚਾ ਕਰਨਾ ਹੀ ਨਹੀਂ ਚਾਹੁੰਦੀ ਪਰ ਦੇਸ਼ ਦੀ ਵਿਰੋਧੀ ਧਿਰ ਵੀ ਸਿਆਸੀ ਇੱਛਾ ਸ਼ਕਤੀ ਦੀ ਕਮੀ ਕਾਰਨ ਇਹਨਾਂ ਗੰਭੀਰ ਮੁੱਦਿਆਂ ਨੂੰ ਲੋਕਾਂ ਸਾਹਮਣੇ ਲਿਆਉਣ 'ਚ ਕਾਮਯਾਬ ਨਹੀਂ ਹੋ ਰਹੀ।

ਮੋਦੀ ਦੀ ਸਰਕਾਰ ਨੇ ਸਾਢੇ ਤਿੰਨ ਸਾਲ ਪੂਰੇ ਕਰ ਲਏ ਹਨ। ਇਸ ਵੇਰ ਮੋਦੀ ਸਰਕਾਰ ਵੱਲੋਂ ਲਿਆਂਦਾ ਗਿਆ ਆਪਣਾ ਆਖਰੀ ਬਜਟ ਦੇਸ਼ ਦੇ ਕਿਸਾਨਾਂ ਨੂੰ ਸਮਰਪਿਤ ਕੀਤਾ ਹੈ। ਪੇਸ਼ ਕੀਤੇ ਆਰਥਿਕ ਸਰਵੇਖਣ ਵਿਚ ਦੇਸ਼ ਦੇ ਵਿਕਾਸ ਦੀ ਦਰ 7 ਤੋਂ 7.5 ਫੀਸਦੀ ਆਂਕੀ ਗਈ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਹ ਬਜਟ ਆਮ ਲੋਕਾਂ ਦੇ ਆਸ਼ਿਆਂ ਨੂੰ ਪੂਰਾ ਕਰਨ ਵਾਲਾ ਹੈ ਪਰ ਕੇਂਦਰ ਸਰਕਾਰ ਦੇ ਕੰਮਕਾਰ ਦੀ ਸਮੀਖਿਆ ਇਸ ਅਧਾਰ ਉਤੇ ਕਰਨ ਦੀ ਲੋੜ ਹੈ ਕਿ ਇਹਨਾਂ ਸਾਲਾਂ 'ਚ ਉਸਨੇ ਕੀ-ਕੀ ਕੰਮ ਕੀਤੇ? ਕਿੰਨੇ ਚੋਣ ਵਾਅਦੇ ਭਾਜਪਾ ਨੇ ਪੂਰੀ ਕੀਤੇ? ਸਰਕਾਰ ਲੋਕਾਂ ਦੀਆਂ ਉਮੀਦਾਂ ਦੇ ਘੋੜੇ ਉਤੇ ਸਵਾਰ ਹੋ ਕੇ ਆਈ ਸੀ, ਨੌਕਰੀਆਂ ਦਾ ਪਟਾਰਾ ਉਸਨੇ ਖੋਲ੍ਹਣਾ ਸੀ, ਲੋਕਾਂ ਦੇ ਜੀਵਨ ਦਾ ਪੱਧਰ ਉੱਚਾ ਉਸਨੇ ਚੁੱਕਣਾ ਸੀ, ਲੋਕਾਂ ਨੂੰ ਚੰਗੀਆਂ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਣੀਆਂ ਹਨ, ਸਭ ਦਾ ਵਿਕਾਸ ਕਰਨਾ ਸੀ ਅਤੇ ਕਿਸੇ ਨੂੰ ਵੀ ਨਿਰਾਸ਼ ਨਹੀਂ ਸੀ ਕਰਨਾ। ਪਰ ਹੋਇਆ ਕੀ? ਸਰਕਾਰ ਜੁਮਲਿਆਂ ਵਾਲੀ ਸਰਕਾਰ ਹੀ ਬਣ ਕੇ ਰਹਿ ਗਈ।

ਸਵਾਲ ਉੱਠਦਾ ਹੈ ਕਿ ਅੱਜ ਹਰ ਕੋਈ ਨਿਰਾਸ਼ ਕਿਉਂ ਹੈ? ਕੀ ਲੋਕਾਂ ਵਿਚ ਮੋਦੀ ਸਰਕਾਰ ਦਾ ਅਕਸ ਲੋਕ-ਹਿੱਤੂ, ਵਿਕਾਸਸ਼ੀਲ ਸਰਕਾਰ ਵਾਲਾ ਬਣ ਸਕਿਆ ਹੈ? ਭਾਜਪਾ ਤਾਂ ਆਪਣੀਆਂ ਪ੍ਰਾਪਤੀਆਂ ਨੂੰ ਗਿਣ-ਗਿਣ ਲੋਕਾਂ ਸਾਹਮਣੇ ਪੇਸ਼ ਕਰੇਗੀ, "ਬੇਟੀ-ਬਚਾਓ, ਬੇਟੀ ਪੜ੍ਹਾਉ", ਸਵੱਛ ਭਾਰਤ, ਜਨ ਧਨ ਯੋਜਨਾ, ਆਦਰਸ਼ ਗ੍ਰਾਮ ਯੋਜਨਾ, ਡਿਜ਼ੀਟਲ ਇੰਡੀਆ ਸਕਿੱਲ ਇੰਡੀਆ, ਯੋਜਨਾਵਾਂ ਰਾਹੀਂ ਆਪਣੀ ਸਫਲਤਾ ਦੇ ਕਿੱਸੇ ਲੋਕਾਂ ਨੂੰ ਸੁਣਾਏਗੀ ਜਾਂ ਸੁਣਾ ਰਹੀ ਹੈ। ਪਰ ਕੀ ਦੇਸ਼ ਦੀ ਵਿਰੋਧੀ ਧਿਰ ਉਸ ਸੱਚ ਨੂੰ ਜੋ ਇਹਨਾਂ ਯੋਜਨਾਵਾਂ ਦੇ ਅੰਦਰ ਲੁਕਿਆ ਪਿਆ ਹੈ, ਲੋਕਾਂ ਸਾਹਮਣੇ ਲਿਆਵੇਗੀ? ਜਾਂ ਲਿਆਉਣ 'ਚ ਕਾਮਯਾਬ ਹੋਈ ਹੈ?

ਦੇਸ਼ ਦੀ ਸਿਆਸੀ ਤਸਵੀਰ ਵੇਖੋ! ਉੱਤਰੀ ਭਾਰਤ ਲਗਭਗ ਭਾਜਪਾ ਨੇ ਜਿੱਤ ਲਿਆ ਹੈ। ਉੱਤਰ ਪ੍ਰਦੇਸ਼ 'ਚ ਤਕੜੀ ਜਿੱਤ ਹਾਸਲ ਕਰਕੇ, ਬਿਹਾਰ 'ਚ ਹਾਰਨ ਤੋਂ ਬਾਅਦ ਨਿਤੀਸ਼ ਕੁਮਾਰ ਦੀ ਪਿੱਠ ਉੱਤੇ ਸਵਾਰ ਹੋ ਕੇ ਉਹ ਬਿਹਾਰ ਦੀ ਸੱਤਾ ਵੀ ਹਥਿਆਉਣ 'ਚ ਕਾਮਯਾਬ ਹੋ ਚੁੱਕੀ ਹੈ। ਨਿਤੀਸ਼ ਨਾਲੋਂ ਵੱਧ ਬਿਹਾਰ ਵਿਚ ਭਾਜਪਾ ਦੇ ਨੇਤਾਵਾਂ ਦੀ ਸਰਕਾਰੇ-ਦਰਬਾਰੇ ਜ਼ਿਆਦਾ ਪੁੱਛ ਪ੍ਰਤੀਤ ਹੈ। ਜੇਕਰ ਕੁਝ ਸੂਬਿਆਂ ਨੂੰ ਛੱਡ ਵੀ ਦੇਈਏ ਜਿਹਨਾਂ 'ਚ ਪੰਜਾਬ, ਕੇਰਲ, ਪੱਛਮੀ ਬੰਗਾਲ, ਉੜੀਸਾ, ਕਰਨਾਟਕਾ ਸ਼ਾਮਲ ਹੈ, ਬਾਕੀਆਂ ਸੂਬਿਆਂ 'ਚ ਭਾਜਪਾ ਜਾਂ ਉਸ ਦੇ ਸਹਿਯੋਗੀ ਸਰਕਾਰਾਂ ਬਣਾਈ ਬੈਠੇ ਹਨ। ਸਿਆਸੀ ਤੌਰ 'ਤੇ ਦੇਸ਼ ਭਰ ਵਿਚ ਭਾਜਪਾ ਦਾ ਬੋਲ-ਬਾਲਾ ਹੈ ਅਤੇ ਨਰੇਂਦਰ ਮੋਦੀ ਦਾ ਰੌਲਾ ਹੈ। ਵਿਰੋਧੀ ਧਿਰ 'ਚ ਉਤਸ਼ਾਹ ਦੀ ਕਮੀ ਦਿਸ ਰਹੀ ਹੈ।



2014 ਵਿਚ ਭਾਜਪਾ ਨੂੰ ਸਿਰਫ਼ ਇਕੱਤੀ ਫੀਸਦੀ ਵੋਟਾਂ ਮਿਲੀਆਂ ਸਨ। ਉਸਨੂੰ ਇਕੱਲਿਆਂ ਪੂਰਨ ਬਹੁਮਤ ਮਿਲ ਗਿਆ ਸੀ। ਸਰਕਾਰ ਬਨਾਉਣ ਲਈ ਚੋਣਾਂ 'ਚ ਗਠਜੋੜ ਵਾਲੀਆਂ ਸਿਆਸੀ ਪਾਰਟੀਆਂ ਦੀ ਉਸਨੂੰ ਲੋੜ ਹੀ ਨਹੀਂ ਸੀ, ਤਦ ਵੀ ਉਸਨੇ ਇਹਨਾਂ ਸਿਆਸੀ ਪਾਰਟੀਆਂ ਦੇ ਨਾਲ ਨਾ-ਮਾਤਰ ਜਿਹੀ ਸਾਂਝ ਬਣਾਈ ਰੱਖੀ, ਪਰ ਨਿਸ਼ਾਨਾ ਇਹੀ ਸਾਧੀ ਰੱਖਿਆ ਕਿ ਆਉਣ ਵਾਲੀਆਂ 2019 ਦੀਆਂ ਚੋਣਾਂ 'ਚ ਜੋ 2018 ਦੇ ਅਖੀਰ ਵਿਚ ਕਰਵਾਏ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹ ਇਕੱਲਿਆਂ ਚੋਣ ਲੜੇ ਅਤੇ ਜਿੱਤੇ ਜਿਵੇਂ ਕਿ ਅਜ਼ਾਦੀ ਦੇ ਮੁੱਢਲਿਆਂ ਸਾਲਾਂ 'ਚ ਕਾਂਗਰਸ ਪਾਰਟੀ ਚੋਣਾਂ ਲੜਦੀ ਰਹੀ ਤੇ ਜਿੱਤਦੀ ਰਹੀ। ਸ਼ਾਇਦ ਭਾਜਪਾ ਵੱਲੋਂ ਆਪਣੇ ਸਹਿਯੋਗੀਆਂ ਪ੍ਰਤੀ ਵਿਖਾਈ ਜਾ ਰਹੀ ਉਦਾਸੀਨਤਾ ਦਾ ਹੀ ਸਿੱਟਾ ਹੈ ਕਿ ਸ਼ਿਵ ਸੈਨਾ ਉਸ ਨਾਲੋਂ ਤੋੜ ਵਿਛੋੜਾ ਕਰਨ ਵੱਲ ਅੱਗੇ ਵੱਧ ਰਹੀ ਹੈ, ਸ਼੍ਰੋਮਣੀ ਅਕਾਲੀ ਦਲ (ਬਾਦਲ) ਹਰਿਆਣਾ 'ਚ ਇਕੱਲਿਆ ਚੋਣ ਲੜਨ ਬਾਰੇ ਐਲਾਨ ਕਰ ਚੁੱਕਾ ਹੈ। ਕਾਂਗਰਸ ਮੁਕਤ ਭਾਰਤ ਦਾ ਨਾਹਰਾ ਦੇ ਕੇ ਭਾਜਪਾ ਇਕੱਲੀ ਇਕਹਿਰੀ ਸਿਆਸੀ ਪਾਰਟੀ ਵਜੋਂ ਧੂੰਮ ਧੜੱਕੇ ਅਤੇ ਮਨਮਰਜ਼ੀ ਨਾਲ ਦੇਸ਼ ਉੱਤੇ ਰਾਜ ਕਰਨ ਦੀ ਚਾਹ ਰੱਖਦੀ ਹੈ ਕਿ ਆਪਣੇ ਲੁਕਵੇਂ ਅਜੰਡੇ 'ਹਿੰਦੂ ਰਾਸ਼ਟਰ' ਨੂੰ ਉਹ ਲਾਗੂ ਕਰ ਸਕੇ।

ਇਹ ਚੋਣਾਂ ਜਿਵੇਂ ਕਿ ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਖਾਹਿਸ਼ ਪ੍ਰਗਟ ਕੀਤੀ ਹੈ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਇਕੱਠੀਆਂ ਹੋ ਸਕਦੀਆਂ ਹਨ। ਸੂਬੇ ਮੱਧ ਪ੍ਰਦੇਸ਼, ਰਾਜਸਥਾਨ, ਛਤੀਸ਼ਗੜ੍ਹ, ਮਿਜ਼ੋਰਾਮ ਜਿਹਨਾਂ ਦੇ ਕਾਰ-ਜਕਾਲ 2018 'ਚ ਪੂਰਾ ਹੋ ਰਿਹਾ ਹੈ ਅਤੇ ਸੂਬੇ ਬਿਹਾਰ, ਮਹਾਂਰਾਸ਼ਟਰ, ਉੜੀਸਾ, ਆਂਧਰਾ ਪ੍ਰਦੇਸ਼, ਸਿੱਕਮ, ਤੇਲੰਗਾਨਾ, ਤਾਮਿਲਨਾਡੂ 2019 'ਚ ਪੂਰਾ ਹੋਣਾ ਹੈ, ਲੋਕ ਸਭਾ ਚੋਣਾਂ ਨਾਲ ਚੋਣ ਮੈਦਾਨ 'ਚ ਜਾ ਸਕਦੇ ਹਨ। ਭਾਜਪਾ ਦੇ ਵਿਰੋਧ ਵਿਚ ਦੇਸ਼ ਵਿਚ ਤਿੰਨ ਧਿਰਾਂ ਖੜ੍ਹੀਆਂ ਦਿਸ ਰਹੀਆਂ ਹਨ, ਜਿਹਨਾਂ ਵਿਚ ਆਪਸੀ ਦਰਾੜਾਂ ਹਨ। ਵੱਡੇ ਸੂਬੇ ਯੂ.ਪੀ. 'ਚ ਜਿੱਥੇ ਭਾਜਪਾ ਨੇ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ 'ਚ ਵੱਡੀ ਜਿੱਤ ਪ੍ਰਾਪਤ ਕੀਤੀ, ਉਥੇ ਪ੍ਰਮੁੱਖ ਸਿਆਸੀ ਪਾਰਟੀਆਂ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਹਨ, ਜਿਹੜੀਆਂ ਪਿਛਲੇ ਕੁਝ ਸਮੇਂ ਤੋਂ ਬੁਰੇ ਹਾਲੀਂ ਹਨ। ਉਹਨਾਂ ਕੋਲ ਵੋਟ ਤਾਂ ਹੈ, ਪਰ ਸਮਾਜਵਾਦੀ ਪਾਰਟੀ 'ਚ ਆਪਸੀ ਫੁੱਟ ਅਤੇ ਬਸਪਾ ਨਾਲ ਸਾਂਝ ਬਨਾਉਣ 'ਚ ਘੱਟ ਦਿਲਚਸਪੀ ਉਹਨਾਂ ਨੂੰ ਇਕੋ ਪਲੇਟਫਾਰਮ ਉੱਤੇ ਲਿਆਉਣ 'ਚ ਵੱਡੀ ਰੁਕਾਵਟ ਹੈ। ਕੇਂਦਰੀ ਜਾਂਚ ਏਜੰਸੀਆਂ ਦਾ ਦੋਹਾਂ ਪਾਰਟੀਆਂ ਦੇ ਨੇਤਾਵਾਂ ਉੱਤੇ ਘਪਲਿਆਂ ਦੇ ਦੋਸ਼ਾਂ ਪ੍ਰਤੀ ਦਬਾਅ ਵੀ ਉਹਨਾਂ ਦੀ ਰਾਜਨੀਤੀ ਉੱਤੇ ਅਸਰ ਪਾ ਰਿਹਾ ਹੈ।

ਭਾਜਪਾ ਦੇ ਵਿਰੋਧੀ ਧਿਰ ਵਿਚ ਬੈਠੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਪਸੀ ਰਿਸ਼ਤੇ ਸੁਖਾਵੇਂ ਨਹੀਂ ਹਨ। ਆਮ ਆਦਮੀ ਪਾਰਟੀ ਆਪਣੇ ਆਪ ਨੂੰ ਧਰਮ ਨਿਰਪੱਖ ਮੰਨਦੀ ਹੈ ਅਤੇ ਕਾਂਗਰਸ ਨਾਲ ਉਸਦਾ ਟਕਰਾਅ ਇਸੇ ਕਰਕੇ ਵੀ ਵੱਧ ਹੈ। ਰਾਜਧਾਨੀ ਦਿੱਲੀ ਤੋਂ ਬਾਅਦ ਪੰਜਾਬ 'ਚ ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ, ਪਰ ਪੰਜਾਬ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੇ ਆਪਣਾ ਖੁਸਿਆ ਅਧਾਰ ਬਹਾਲ ਕਰ ਲਿਆ।

ਭਾਜਪਾ ਦੇ ਵਿਰੋਧੀ ਧਿਰ ਦੀ ਤੀਜੀ ਉਲਝਣ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਦੇ ਆਪਸੀ ਰਿਸ਼ਤੇ ਹਨ। ਖੱਬੀਆਂ ਧਿਰਾਂ ਦੀ ਕੇਰਲ ਅਤੇ ਤ੍ਰਿਪੁਰਾ ਵਿਚ ਸਰਕਾਰ ਹੈ, ਪੱਛਮੀ ਬੰਗਾਲ ਵਿਚ ਉਹ ਮੁੱਖ ਵਿਰੋਧੀ ਪਾਰਟੀ ਹੈ, ਜਿਥੇ ਤ੍ਰਿਮੂਲ ਕਾਂਗਰਸ ਰਾਜ ਕਰਦੀ ਹੈ। ਕਾਂਗਰਸ ਦਾ ਵੀ ਪੱਛਮੀ ਬੰਗਾਲ ਵਿਚ ਆਪਣਾ ਕੁਝ ਆਧਾਰ ਹੈ। ਖੱਬੀਆਂ ਧਿਰਾਂ ਦਾ ਇਕ ਹਿੱਸਾ ਕਾਂਗਰਸ ਨਾਲ ਕੋਈ ਵੀ ਸਾਂਝ ਪਾਉਣ ਦੇ ਵਿਰੁੱਧ ਹੈ, ਕਿਉਂਕਿ ਇਹ ਧੜਾ ਕਾਂਗਰਸ ਦੀਆਂ ਨੀਤੀਆਂ 'ਚ 'ਧਰਮ ਦੇ ਨਾਮ ਉੱਤੇ ਖੇਡੀਆਂ ਜਾ ਰਹੀਆਂ ਖੇਡਾਂ' ਨੂੰ ਪਸੰਦ ਨਹੀਂ ਕਰਦਾ ਅਤੇ ਦੇਸ਼ ਵਿਚ ਗੈਰ-ਭਾਜਪਾ, ਗੈਰ-ਕਾਂਗਰਸਵਾਦ ਦੇ ਗੱਠਜੋੜ ਦੀ ਵਕਾਲਤ ਕਰਦਾ ਹੈ।

ਰਾਸ਼ਟਰੀ ਪੱਧਰ ਉੱਤੇ ਖੱਬੇ ਪੱਖੀ ਧਿਰਾਂ ਹੀ ਇਸ ਵੇਲੇ ਇਹੋ ਜਿਹੀ ਸਥਿਤੀ ਵਿਚ ਹਨ, ਜੋ ਵਿਰੋਧੀ ਧਿਰਾਂ ਦੇ ਇਕੱਠ ਲਈ ਸਾਰਥਕ ਭੂਮਿਕਾ ਨਿਭਾ ਸਕਦੇ ਹਨ ਅਤੇ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਨੂੰ ਇਕ ਪਲੇਟਫਾਰਮ ਉੱਤੇ ਲਿਆ ਸਕਦੇ ਹਨ। ਪਰ ਜੇਕਰ ਕਾਂਗਰਸ ਅਤੇ ਖੱਬੇ ਪੱਖੀ ਧਿਰਾਂ ਦੇ ਰਸਤੇ ਅੱਡੋ-ਅੱਡਰੇ ਰਹਿੰਦੇ ਹਨ ਤਾਂ ਵਿਰੋਧੀ ਦਲਾਂ ਦੀ ਏਕਤਾ ਔਖੀ ਹੋਏਗੀ।

ਵਿਰੋਧੀ ਧਿਰ ਖਾਸ ਕਰਕੇ ਕਾਂਗਰਸ ਦੀ ਰਾਜਨੀਤੀ ਤਾਂ ਇਹ ਹੈ ਕਿ ਭਾਜਪਾ ਆਪਣੇ ਬੋਝ ਥੱਲੇ ਆਪ ਹੀ ਡਿੱਗ ਪਏਗੀ ਅਤੇ ਵਿਰੋਧੀ ਧਿਰ ਦੇ ਦਰਵਾਜ਼ੇ 'ਸਿੰਮ-ਸਿੰਮ' ਖੁਲ੍ਹ ਜਾਹ ਵਾਂਗਰ ਆਪ ਹੀ ਖੁਲ੍ਹ ਜਾਣਗੇ।

ਭਾਜਪਾ ਨੇ ਲੋਕਾਂ ਲਈ ਆਸਾਂ ਉਮੀਦਾਂ ਦਾ ਇਕ ਜ਼ਬਰਦਸਤ ਮਾਹੌਲ ਬਣਾਇਆ ਸੀ। ਗੱਲੀਂ-ਬਾਤੀਂ ਤਾਂ ਭਾਜਪਾ ਨੇ ਲੋਕਾਂ ਦਾ ਬਥੇਰਾ ਢਿੱਡ ਭਰਿਆ ਹੈ, ਪਰ ਜ਼ਮੀਨੀ ਪੱਧਰ ਉੱਤੇ ਉਹ ਲੋਕਾਂ ਦੀਆਂ ਆਸਾਂ-ਉਮੀਦਾਂ ਨੂੰ ਪੂਰਿਆਂ ਕਰਨ 'ਚ ਨਾ-ਕਾਮਯਾਬ ਰਹੀ ਹੈ। ਭਾਜਪਾ ਦੀ ਇਹ ਕਾਮਯਾਬੀ ਜੇਕਰ ਲੋਕਾਂ ਤੱਕ ਵਿਰੋਧੀ ਧਿਰ ਨਹੀਂ ਪਹੁੰਚਾਏਗੀ ਤਾਂ ਫਿਰ ਹੋਰ ਕੌਣ ਪਹੁੰਚਾਏਗੀ?

ਮਹਿੰਗਾਈ ਵੱਧ ਰਰਹੀ ਹੈ। ਡੀਜ਼ਲ, ਪਟਰੋਲ ਨਿੱਤ ਮਹਿੰਗਾ ਹੋ ਰਿਹਾ ਹੈ। ਨੌਜਵਾਨਾਂ ਲਈ ਨੌਕਰੀਆਂ ਦੀ ਕਮੀ ਹੈ, ਬੁਨਿਆਦੀ ਢਾਂਚਾ ਉਸਾਰਨ ਲਈ ਨਵੇਂ ਪ੍ਰਾਜੈਕਟ ਆਰੰਭੇ ਨਹੀਂ ਜਾ ਰਹੇ, ਦੇਸ਼ ਦੇ ਚਾਰੇ ਪਾਸੇ ਨਿਰਾਸ਼ਤਾ ਦਾ ਆਲਮ ਹੈ। ਇਹ ਨਿਰਾਸ਼ਤਾ ਸਿਰਫ਼ ਦੇਸ਼ ਦੇ ਹਾਕਮਾਂ ਪ੍ਰਤੀ ਹੀ ਨਹੀਂ ਹੈ, ਸਗੋਂ ਵਿਰੋਧੀ ਸਿਆਸਤਦਾਨਾਂ ਪ੍ਰਤੀ ਵੀ ਹੈ, ਜਿਹੜੇ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਕੋਈ ਲਹਿਰ ਉਸਾਰਨ 'ਚ ਕਾਮਯਾਬ ਨਹੀਂ ਹੋ ਰਹੇ।

ਭਾਜਪਾ ਵਿਰੁੱਧ ਵਿਰੋਧੀ ਧਿਰ ਦੀ ਇਕਮੁੱਠਤਾ ਸਮੇਂ ਦੀ ਲੋੜ ਹੈ। ਭਾਜਪਾ ਨੇ ਦੇਸ਼ ਨੂੰ ਜਿਸ ਦੌਰਾਹੇ 'ਤੇ ਖੜ੍ਹਾ ਕਰ ਦਿੱਤਾ ਹੈ, ਉਸ ਨਾਲ ਦੇਸ਼ ਦੀ ਸੰਪਰਦਾਇਕ ਏਕਤਾ ਨੂੰ ਤਾਂ ਖਤਰਾ ਬਣਿਆ ਹੀ ਹੈ, ਦੇਸ਼ ਦੀ ਆਰਥਿਕਤਾ ਨੂੰ ਵੀ ਭਾਜਪਾ ਦੀਆਂ ਕਾਰਪੋਰੇਟ ਹਿਤੈਸ਼ੀ ਨੀਤੀਆਂ ਕਾਰਨ ਖੋਰਨ ਲੱਗਾ ਹੈ।

ਦੇਸ਼ ਦਾ ਹਰ ਵਰਗ, ਕਿਸਾਨ, ਮਜ਼ਦੂਰ ਮੁਲਾਜਮ ਪਹਿਲਾਂ ਨਾਲੋਂ ਔਖਾ ਹੋਇਆ ਹੈ, ਮਾਨਸਿਕ ਤੌਰ 'ਤੇ ਵੀ, ਆਰਥਿਕ ਤੌਰ 'ਤੇ ਵੀ ਅਤੇ ਸਮਾਜਿਕ ਤੌਰ 'ਤੇ ਵੀ। ਆਪਸੀ ਇਕਜੁੱਟਤਾ ਅਤੇ ਚੰਗੇਰੀ ਕਾਰਜਸ਼ੀਲ ਯੋਜਨਾ ਨਾਲ ਲੋਕਾਂ ਦੇ ਮੁੱਦੇ, ਮਸਲੇ ਉਠਾ ਕੇ ਆਮ ਚੋਣਾਂ 'ਚ ਵਿਰੋਧੀ ਧਿਰ 2014 ਵਾਲੀ ਆਪਣੀ ਗਲਤੀ ਦੁਹਰਾਉਣ ਤੋਂ ਬਚ ਸਕਦੀ ਹੈ।

# ਦੇਸ਼ ਲਈ ਘਾਤਕ ਸਮੱਸਿਆ ਹੈ ਅਬਾਦੀ ਦਾ ਵਧਣਾ



ਨਵਜੋਤ ਬਜਾਜ ਗੱਗੂ
91-98721-02614

ਦੁਨੀਆ ਦੇ ਕੁਝ ਅਮੀਰ ਦੇਸਾਂ ਵਿੱਚ ਭਾਰਤ ਦਾ ਨਾਂ ਵੀ ਆਉਂਦਾ ਹੈ। ਭਾਰਤ ਵਿੱਚ ਕਰੋੜਪਤੀਆਂ ਦੀ ਗਿਣਤੀ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ।ਸਾਡੀ ਅਰਥ ਵਿਵਸਥਾ ਵੀ ਤੇਜੀ ਨਾਲ ਵਧ ਰਹੀ ਹੈ। ਇਹ ਸਾਰੀ ਸਥਿਤੀ ਤੋ ਖੁਸ਼ੀ ਹੁੰਦੀ ਹੈ ਅਤੇ ਮਾਣ ਵੀ ਹੁੰਦਾ ਹੈ। ਪਰ ਦੇਸ਼ ਦੀ ਦੂਜੀ ਤਸਵੀਰ ਚਿੰਤਾਜਨਕ ਤੇ ਸ਼ਰਮਨਾਕ ਵੀ ਹੈ। ਕਿਉਂਕਿ ਪੂਰੇ ਦੇਸ ਵਿੱਚ 25 ਫੀਸਦੀ ਲੋਕ ਝੁੱਗੀਆਂ ਝੋਪੜੀਆਂ ਵਿੱਚ ਰਹਿੰਦੇ ਹਨ ਅਤੇ 20 ਫੀਸਦੀ ਲੋਕ ਅੱਤ ਦੀ ਗਰੀਬੀ ਵਿੱਚ ਗੁਰਬਤ ਭਰੀ ਜਿੰਦਗੀ ਬਤੀਤ ਕਰ ਰਹੇ ਹਨ। ਇਸ ਦਾ ਵੱਡਾ ਕਾਰਨ ਹੈ ਅਬਾਦੀ ਦਾ ਵਧਣਾ। ਪਿੰਡਾਂ ਸਹਿਰਾ ਵਿੱਚ ਵਧਦੀ ਭੀੜ, ਕੂੜੇ-ਕਰਕਟ ਦੇ ਢੇਰਾ ਅਤੇ ਪ੍ਰਦੂਸਣ ਦਾ ਸ਼ਿਕਾਰ ਹੋ ਰਹੀ ਹੈ।

ਦੁਨੀਆ ਵਿੱਚ ਸਭ ਤੋ ਜਿਆਦਾ ਭੁੱਖੇ ਲੋਕ ਭਾਰਤ ਵਿੱਚ ਰਹਿੰਦੇ ਹਨ, ਕੁਪੋਸਣ ਨਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ ਸਭ ਤੋ ਜਿਆਦਾ ਭਾਰਤ ਵਿੱਚ ਹੈ। ਦੁਨੀਆ ਦਾ ਸਭ ਤੋ ਜਿਆਦਾ ਆਰਥਿਕ ਸੰਕਟ ਵੀ ਭਾਰਤ ਵਿੱਚ ਹੀ ਹੈ। ਇਥੇ ਲਗਭਗ 19 ਕਰੋੜ ਲੋਕ ਭੁੱਖ ਮਰੀ ਦਾ ਸ਼ਿਕਾਰ ਹਨ।

ਸਮਾਜਿਕ-ਆਰਥਿਕ ਸਰਵੇਖਣ ਅਨੁਸਾਰ 60 ਕਰੋੜ ਲੋਕ ਸਿਰਫ਼ 1000/ਰੁਪੈ ਮਹੀਨਾ ਕਮਾਈ ਨਾਲ ਗੁਜਾਰਾ ਕਰ ਰਹੇ ਹਨ। ਦੇਸ ਦੇ ਇੱਕ ਸੂਬੇ ਵਿੱਚ ਲੋਕ ਗਰੀਬੀ ਤੋ ਇੰਨੇ ਮਜਬੂਰ ਸਨ ਕਿ ਉਹਨਾਂ ਨੂੰ ਘਾਹ ਦੀ ਰੋਟੀ ਖਾਣ ਲਈ ਮਜਬੂਰ ਹੋਣਾ ਪਿਆ। ਇਸ ਦੀਆ ਤਸਵੀਰਾਂ ਵੀ ਸੋਸ਼ਲ ਮੀਡੀਆ ਤੇ ਕਾਫ਼ੀ ਸਮਾ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ। ਅੱਤ ਦੀ ਗਰੀਬੀ ਕਾਰਣ ਬੱਚਿਆ ਨੂੰ ਵੇਚਣ ਤੱਕ ਦੀਆਂ ਖ਼ਬਰਾਂ ਆ ਰਹੀ ਆ ਹਨ।

ਦਿਹਾਤੀ ਖੇਤਰਾਂ ਵਿੱਚ ਸਿਹਤ ਸਹੂਲਤਾਂ ਦੀ ਵੱਡੀ ਘਾਟ ਹੈ।ਕਈ ਇਲਾਕਿਆਂ ਵਿੱਚ ਬਿਨ ਇਲਾਜ (ਗਰੀਬੀ ਕਾਰਨ) ਲੋਕ ਮਰ ਰਹੇ ਹਨ। ਬੇਰੁਜ਼ਗਾਰੀ ਦੀ ਸਥਿਤੀ ਲਗਾਤਾਰ ਭਿਆਨਕ ਹੁੰਦੀ ਜਾ ਰਹੀ ਹੈ। ਦੇਸ ਦੇ ਇੱਕ ਸੂਬੇ ਵਿੱਚ ਪਿਛੇ ਜਿਹੇ 300 ਚਪੜਾਸੀ ਦੇ ਅਹੁਦੇ ਲਈ ਲਗਭਗ 22 ਲੱਖ ਉਮੀਦਵਾਰਾਂ ਨੇ ਅਰਜ਼ੀਆਂ ਭੇਜੀਆਂ ਜਿਨ੍ਹਾਂ 'ਚ ਬੀ. ਏ, ਐਮ. ਏ, ਪਾਸ ਨੌਜਵਾਨ ਵੀ ਸਨ। ਨੌਜਵਾਨਾ ਦੀ ਵਧਦੀ ਬੇਰੁਜ਼ਗਾਰੀ ਨਿਰਾਸਾ ਫੈਲਾਅ ਰਹੀ ਹੈ ਤੇ ਦੇਸ 'ਚ ਅਪਰਾਧ ਵਧਣ ਦਾ ਵੀ ਇਹ ਇੱਕ ਬਹੁਤ ਵੱਡਾ ਕਾਰਨ ਹੈ।



ਇੱਕ ਅੰਦਾਜ਼ੇ ਮੁਤਾਬਿਕ ਦੇਸ ਚ' ਹਰ ਸਾਲ ਲਗਭਗ 80 ਲੱਖ ਨੌਜਵਾਨ ਨੌਕਰੀਆਂ ਹਾਸਲ ਕਰਨ ਵਾਲੇ ਹੁੰਦੇ ਹਨ। ਪਰ ਮੁਸ਼ਕਿਲ ਨਾਲ 40 ਲੱਖ ਨੌਜਵਾਨਾਂ ਨੂੰ ਹੀ ਨੌਕਰੀਆਂ ਮਿਲਦੀਆਂ ਹਨ।

ਦੇਸ ਦੀ ਅਜ਼ਾਦੀ ਦੇ ਲੰਮੇ ਚੱਲੇ ਸੰਘਰਸ਼ ਵਿੱਚ ਲੱਖਾਂ ਦੇਸ ਭਗਤਾ ਨੇ ਕੁਰਬਾਨੀਆਂ ਦਿੱਤੀਆਂ। ਫਾਂਸੀ ਦੇ ਰਸਿਆ ਤੇ ਝੂਲਦੇ ਹੋਏ 1947 ਨੂੰ ਦੇਸ ਅਜ਼ਾਦ ਕਰਵਾਇਆ ਉਨ੍ਹਾਂ ਦੀ ਆਖਰੀ ਇੱਛਾ ਸੀ ਕਿ ਭਾਰਤ ਦੇਸ ਆਜ਼ਾਦ ਹੋ ਜਾਵੇ, ਇਥੇ ਖੁਸ਼ਹਾਲੀ ਹੋਵੇ, ਕੋਈ ਗਰੀਬ ਤੇ ਕੋਈ ਭੁੱਖਾ ਨਾ ਹੋਵੇ ਪਰ ਅੱਜ ਅਮੀਰੀ ਚਮਕ ਰਹੀ ਹੈ ਤੇ ਗਰੀਬੀ ਦਿਨੋ-ਦਿਨ ਵੱਧ ਰਹੀ ਹੈ। ਨੌਜਵਾਨ ਨਸ਼ਿਆਂ ਦੀ ਦਲ-ਦਲ ਵਿੱਚ ਧਸਦੇ ਜਾਂ ਰਹੇ ਹਨ। ਭੁੱਖੇ ਲੋਕਾਂ ਦੀ ਜਿਆਦਾ ਗਿਣਤੀ ਭਾਰਤ ਵਿੱਚ ਹੈ ਵਧਦੀ ਅਬਾਦੀ ਕਾਰਨ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ, ਵਿਦਿਆ, ਅਮਨ-ਸਾਂਤੀ (ਕਾਨੂੰਨ) ਵਰਗੀ ਸਹੂਲਤਾਂ, ਕੁਝ ਕੁ ਲੋਕਾਂ ਤੱਕ ਹੀ ਸਿਮਟ ਕੇ ਰਹਿ ਜਾਂਦੀਆਂ ਹਨ।

ਮੋਦੀ ਸਰਕਾਰ ਵੱਲੋਂ ਬਹੁਤ ਕੁਝ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਲੋਕਾਂ ਦਾ ਭਲਾ ਹੋ ਸਕੇ,ਪਰ ਵਧਦੀ-ਅਬਾਦੀ ਦੀ ਸਮੱਸਿਆ ਸਭ ਕੁਝ ਠੱਪ ਕਰਕੇ ਰੱਖ ਦਿੰਦੀ ਹੈ। ਗਰੀਬੀ, ਬੇਰੁਜ਼ਗਾਰੀ, ਪ੍ਰਦੂਸਣ ਸਮੇਤ ਅਨੇਕਾਂ ਸਮੱਸਿਆਵਾਂ ਨਾਲ ਭਾਰਤ ਜੂਝ ਰਿਹਾ ਹੈ, ਪਰ ਸਭ ਤੋ ਵੱਡੀ ਸਮੱਸਿਆ ਅਬਾਦੀ ਵਧਣ ਵੱਲ ਕਿਸੇ ਵੀ ਸਰਕਾਰ ਦਾ ਧਿਆਨ ਨਹੀਂ ਗਿਆ। ਇੱਕ ਸਮੱਸਿਆ ਦਾ ਹੱਲ ਹੋਣ ਨਾਲ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਦੇਸ ਦੀ ਆਜ਼ਾਦੀ ਮੌਕੇ ਭਾਰਤ ਦੀ ਅਬਾਦੀ 35 ਕਰੋੜ ਸੀ ਜੋ ਪਿਛਲੇ 70 ਸਾਲਾ ਵਿੱਚ ਵਧ ਕੇ ਸਵਾ ਅਰਬ ਤੋ ਜਿਆਦਾ ਹੋ ਗਈ ਹੈ, ਭਾਵ ਹਰ ਸਾਲ 1 ਕਰੋੜ 80 ਲੱਖ ਅਬਾਦੀ ਵਧ ਰਹੀ ਹੈ।

ਅਬਾਦੀ ਵਧਣ ਨਾਲ ਮਕਾਨ (ਘਰ) ਵਧ ਰਹੇ ਹਨ। ਪਿੰਡਾਂ ਦੇ ਲੋਕਾਂ ਦੀ ਰਿਹਾਇਸ਼ ਖੇਤਾਂ ਤੱਕ, ਸਹਿਰਾ ਦੇ ਲੋਕਾਂ ਦੀ ਰਿਹਾਇਸ਼ ਸਹਿਰਾ ਦੇ ਬਾਹਰ ਤੱਕ ਆ ਗਈ। ਜੰਗਲ, ਦਰਖ਼ਤ (ਹਰਿਆਵਲ) ਕੱਟੇ ਜਾ ਰਹੇ ਹਨ।ਇੰਡਸਟਰੀ ਵਧ ਰਹੀ ਹੈ। ਗੱਡੀਆਂ ਜਿਆਦਾ ਚੱਲਣ ਲੱਗ ਪਈਆਂ, ਲੋਕਾਂ ਦੀ ਭੀੜ ਵਧ ਗਈ, ਪ੍ਰਦੂਸਣ ਵੀ ਘਟਣ ਦਾ ਨਾ ਨਹੀਂ ਲੈ ਰਿਹਾ। ਆਵਾਜਾਈ ਵਧਣ ਨਾਲ ਦੇਸ਼ ਭਰ ਵਿੱਚ ਦੁਰਘਟਨਾਵਾਂ ਕਾਰਣ ਅਨੇਕਾਂ ਲੋਕ ਰੋਜ਼ਾਨਾ ਬੇਵਕਤੀ ਮੌਤ ਮਰ ਰਹੇ ਹਨ। ਵਧਦੀ ਅਬਾਦੀ ਨੇ ਬੱਚਿਆਂ ਦੇ ਖੇਡਣ ਤੇ ਲੋਕਾਂ ਦੇ ਘੁੰਮਣ ਫਿਰਨ ਵਾਲੀਆ ਥਾਂਵਾਂ ਖਤਮ ਕਰ ਦਿੱਤੀਆਂ ਅਤੇ ਕੂੜੇ ਦੇ ਢੇਰ ਥਾਂ-ਥਾਂ ਤੇ ਬੀਮਾਰੀਆਂ ਵਧਾ ਰਹੇ ਹਨ।

ਕਦੇ ਚੀਨ ਵੀ ਸਾਡੇ ਵਾਗ ਵਧਦੀ ਆਬਾਦੀ ਤੋ ਪੀੜਤ ਸੀ ਪਰ ਉਸ ਨੇ ਵਧਦੀ ਅਬਾਦੀ ਤੇ ਰੋਕ ਲਾ ਕੇ ਚੀਨ ਚੋ ਗਰੀਬੀ ਨੂੰ ਲਗਭਗ ਖਤਮ ਕਰ ਦਿੱਤਾ। ਜਿਸ ਤਰਾਂ ਅੱਜ ਭਾਰਤ ਦੀ ਆਬਾਦੀ ਵਧ ਰਹੀ ਹੈ ਕੁਝ ਹੀ ਸਾਲਾ 'ਚ ਭਾਰਤ ਦੁਨੀਆ ਵਿੱਚ ਸਭ ਤੋ ਜਿਆਦਾ ਆਬਾਦੀ ਵਾਲਾ ਦੇਸ਼ ਹੋਵੇਗਾ।

ਭਾਰਤ ਨੂੰ ਇਸ ਭਿਆਨਕ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ ਤੇ ਕੌਮੀ ਸਹਿਮਤੀ ਬਣਾ ਕੇ ਕਿਸੇ ਵੀ ਢੰਗ ਨਾਲ ਵਧਦੀ ਅਬਾਦੀ ਤੇ ਰੋਕ ਲਗਾਉਣੀ ਪਵੇਗੀ। ਜੇਕਰ ਭਾਰਤ ਅੱਜ ਵੀ ਇਸ ਵਿਸੇ ਤੇ ਚੁੱਪ ਰਿਹਾ ਤਾਂ ਸਾਨੂੰ ਬਰਬਾਦੀ ਲਈ ਤਿਆਰ ਰਹਿਣਾ ਪਵੇਗਾ। ਅਬਾਦੀ ਘਟਣ ਦਾ ਲਾਭ ਆਉਣ ਵਾਲੀਆ ਪੀੜੀਆਂ ਨੂੰ ਮਿਲੇਗਾ। ਇਸ ਨਾਲ ਬੇਰੁਜ਼ਗਾਰੀ ਤੇ ਪ੍ਰਦੂਸ਼ਣ ਖਤਮ ਹੋਏਗਾ, ਸੁੱਧ ਵਾਤਾਵਰਨ ਮਿਲੇਗਾ ਤੇ ਦੇਸ ਦੁਨੀਆ ਦੇ ਨਕਸ਼ੇ ਤੇ ਨਵੀਆਂ ਬੁਲੰਦੀਆਂ ਵੀ ਹਾਸਲ ਕਰੇਗਾ। ਆਉ ਅਸੀਂ ਵੀ ਸੁਚੇਤ ਹੋਈਏ ਤੇ ਦੇਸ ਦੇ ਭਵਿੱਖ ਨੂੰ ਬਰਬਾਦ ਹੋਣ ਤੋ ਰੋਕੀਏ।

# ਗੈਂਗਸਟਰ ਕਿਉਂ ਬਣਦੇ ਨੇ 'ਤੇ ਅੰਤ ਸਿਰਫ ਮੌਤ ਹੈ!



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
559-333-5776

ਮੋਸਟ ਵਾਂਟੇਡ ਗੈਂਗਸਟਰ ਵਿੱਕੀ ਗੌਂਡਰ ਆਪਣੇ ਸਾਥੀ ਪ੍ਰੇਮ ਲਾਹੌਰੀਆ ਸਮੇਤ ਪੰਜਾਬ ਪੁਲਿਸ ਵੱਲੋਂ ਕੀਤੇ ਐਨਕਾਊਂਟਰ ਵਿੱਚ ਮਾਰੇ ਗਏ। ਜਾਣਕਾਰੀ ਮੁਤਾਬਕ ਪੁਲਿਸ ਨੇ ਰਾਜਸਥਾਨ-ਪੰਜਾਬ ਦੀ ਸਰਹੱਦ 'ਤੇ ਵਿੱਕੀ ਤੇ ਉਸ ਦੇ ਸਾਥੀਆਂ ਦਾ ਪੁਲਿਸ ਨਾਲ ਸਾਹਮਣਾ ਹੋਇਆ ਸੀ। ਮੁਕਾਬਲੇ ਦੌਰਾਨ ਪੁਲਿਸ ਦੀ ਗੋਲ਼ੀ ਨਾਲ ਵਿੱਕੀ ਗੌਂਡਰ ਤੇ ਪ੍ਰੇਮ ਲਾਹੌਰੀਆ ਮੌਕੇ ਤੇ ਮਾਰੇ ਗਏ ਤੇ ਉਨ੍ਹਾਂ ਦਾ ਇੱਕ ਸਾਥੀ ਸੁਖਪ੍ਰੀਤ ਬੁੱਢਾ ਜ਼ਖਮੀ ਹੋ ਗਿਆ ਜੋ ਬਾਅਦ ਵਿੱਚ ਹਸਪਤਾਲ ਵਿੱਚ ਦਮਤੋੜ ਗਿਆ। ਇਸ ਮੁਕਾਬਲੇ ਦੌਰਾਨ ਦੋ ਪੁਲਿਸ ਇੰਨਸਪੈਕਟਰ ਵੀ ਜਖਮੀਂ ਹੋਏ ਜਿਨਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਬਣੀ ਹੋਈ ਹੈ ਅਤੇ ਇਹ ਦੋਵੇਂ ਪੁਲਿਸ ਕਰਮੀ ਫਰੀਦਕੋਟ ਮੈਡੀਕਲ ਕਾਲਜ ਵਿੱਚ ਜੇਰੇ ਇਲਾਜ ਹਨ।ਇਹ ਮੁਕਾਬਲਾ ਰਾਜਸਥਾਨ ਦੇ ਹਿੰਦੂਮਲਕੋਟ ਇਲਾਕੇ ਦੇ ਪਿੰਡ ਪੱਕੀ ਵਿੱਚ ਲਖਵਿੰਦਰ ਸਿੰਘ ਲੱਖਾ ਦੀ ਢਾਣੀ ਤੇ ਹੋਇਆ ਦੱਸਿਆ ਜਾ ਰਿਹਾ ਹੈ।

ਵਿੱਕੀ ਗੌਂਡਰ ਚਰਚਿਤ ਨਾਭਾ ਜੇਲ੍ਹ-ਬ੍ਰੇਕ ਕਾਂਡ ਦਾ ਮੁੱਖ ਮੁਲਜ਼ਮ ਸੀ। ਉਹ ਨਵੰਬਰ 2016 ਵਿੱਚ ਜੇਲ੍ਹ ਤੋਂ ਫਰਾਰ ਹੋ ਗਿਆ ਸੀ। ਇਸ ਤੋਂ ਇਲਾਵਾ ਵਿੱਕੀ ਗੌਂਡਰ ਨੇ ਗੈਂਗਸਟਰ ਸੁੱਖਾ ਕਾਹਲੋਂ ਨੂੰ ਪੁਲਿਸ ਹਿਰਾਸਤ ਵਿੱਚ ਹੀ ਕਤਲ ਕਰ ਦਿੱਤਾ ਸੀ। ਮਾਰੇ ਗਏ ਗੈਂਗਸਟਰਾਂ ਦੇ ਸਿਰ 'ਤੇ ਪੰਜਾਬ ਪੁਲਿਸ ਨੇ ਲੱਖਾਂ ਦਾ ਇਨਾਮ ਰੱਖਿਆ ਹੋਇਆ ਸੀ ।

ਹਰਜਿੰਦਰ ਸਿੰਘ ਭੁੱਲਰ ਉਰਫ ਵਿੱਕੀ ਗੌਂਡਰ ਜਿਸ ਦਾ ਨਾਂਅ ਪੰਜਾਬ ਦੇ ਗੈਂਗਸਟਰਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਸੀ। ਮਲੋਟ ਦੇ ਪਿੰਡ ਸਰਾਵਾਂ ਬੋਧਲਾਂ ਦਾ ਰਹਿਣ ਵਾਲਾ ਇਹ ਨੌਜਵਾਨ ਜਲੰਧਰ ਦੇ ਸਪੋਰਟਸ ਸਕੂਲ ਵਿੱਚ ਪੜ੍ਹਦਾ ਸੀ ਤੇ ਨਾਲ ਹੀ ਡਿਸਕਸ-ਥ੍ਰੋਅ ਦਾ ਚੋਟੀ ਦਾ ਖਿਡਾਰੀ ਵੀ ਸੀ।

ਗੈਂਗਸਟਰ ਸੁੱਖਾ ਕਾਹਲੋਂ ਨੂੰ 22 ਜਨਵਰੀ 2015 'ਚ ਪੁਲਿਸ ਹਿਰਾਸਤ ਵਿੱਚ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰਨ ਤੋਂ ਬਾਅਦ ਵਿੱਕੀ ਗੌਂਡਰ ਸੁਰਖ਼ੀਆਂ ਵਿੱਚ ਆਇਆ ਸੀ। ਜਲੰਧਰ ਦੇ ਦੋ ਗੈਂਗਾਂ ਦਾ ਸ਼ਿਕਾਰ ਹੋਏ ਗੌਂਡਰ ਨੇ ਜਦ ਸੁੱਖਾ ਕਾਹਲੋਂ ਦਾ ਕਤਲ ਕਰਨ ਤੋਂ ਬਾਅਦ ਪੰਜਾਬ ਵਿੱਚ ਹੋਣ ਵਾਲੀਆਂ ਗੈਂਗਵਾਰ ਅਤੇ ਵੱਡੀਆਂ ਵਾਰਦਾਤਾਂ ਵਿੱਚ ਵਿੱਕੀ ਦਾ ਨਾਂ ਪੁਲਿਸ ਰਿਕਾਰਡ 'ਤੇ ਚੜ੍ਹਦਾ ਚਲਾ ਗਿਆ।

ਕਾਲਜ ਵਿੱਚ ਪੜ੍ਹਦੇ ਹੋਏ ਵਿੱਕੀ ਗੌਂਡਰ ਸੁੱਖਾ ਕਾਹਲੋਂ ਦੇ ਗੈਂਗ ਦਾ ਮੈਂਬਰ ਬਣ ਗਿਆ ਸੀ। ਪਰ ਉਨ੍ਹਾਂ ਦੀ ਯਾਰੀ ਦੁਸ਼ਮਣੀ ਵਿੱਚ ਬਦਲ ਗਈ। ਇੱਕ ਦਿਨ ਵਿੱਕੀ ਗੌਂਡਰ ਨੇ ਪੁਲਿਸ ਦੀ ਵੈਨ ਵਿੱਚ ਜਾ ਰਹੇ ਸੁੱਖਾ ਕਹਾਲੋਂ ਨੂੰ ਜਲੰਧਰ ਦੇ ਹਾਈਵੇ 'ਤੇ ਦਿਨ-ਦਿਹਾੜੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਤੇ ਸੁੱਖੇ ਦੀ ਲਾਸ਼ ਨੇੜੇ ਭੰਗੜਾ ਵੀ ਪਾਇਆ ਸੀ। ਇੱਥੋਂ ਵਿੱਕੀ ਦਾ ਗੈਂਗਸਟਰ ਵਜੋਂ ਸਫਰ ਸ਼ੁਰੂ ਹੋ ਗਿਆ ਸੀ।






1 ਮਈ 2016 ਨੂੰ ਗੈਂਗਸਟਰਾਂ ਨੇ ਫ਼ਾਜ਼ਿਲਕਾ ਦੇ ਐਮ ਐਲ ਏ ਦੀ ਚੋਣ ਲੜ ਚੁੱਕੇ ਜਸਵਿੰਦਰ ਸਿੰਘ ਰੌਕੀ ਦਾ ਹਿਮਾਚਲ ਦੇ ਪਰਵਾਣੂ ਇਲਾਕੇ ਵਿੱਚ ਕਤਲ ਕਰ ਦਿੱਤਾ ਸੀ। ਉਦੋਂ ਵਿੱਕੀ ਨੇ ਰੌਕੀ ਦੀ ਹੱਤਿਆ ਨੂੰ ਆਪਣੇ ਸਾਥੀ ਸ਼ੇਰਾ ਖੁੱਬਣ ਦੇ ਕਤਲ ਦਾ ਬਦਲਾ ਦੱਸਿਆ ਸੀ। ਪੰਜਾਬ ਦੇ ਗੈਂਗਸਟਰਾਂ ਦੀ ਦੁਨੀਆਂ ਵਿੱਚ ਵਿੱਕੀ ਗੌਂਡਰ ਦਾ ਨਾਂਅ ਤੇਜ਼ੀ ਨਾਲ ਉੱਪਰ ਉੱਠਦਾ ਗਿਆ ਤੇ ਉਹ ਪੰਜਾਬ ਪੁਲਿਸ ਦਾ ਮੋਸਟ ਵਾਂਟੇਡ ਗੈਂਗਸਟਰ ਵੀ ਬਣ ਗਿਆ ਸੀ। ਪਿਸਤੌਲ ਦੀ ਨੋਕ 'ਤੇ ਗੱਡੀਆਂ ਖੋਹਣੀਆਂ ਤੇ ਲੁੱਟਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣਾ ਵਿੱਕੀ ਗੌਂਡਰ ਦੇ ਗਰੁੱਪ ਲਈ ਇੱਕ ਆਮ ਜਿਹੀ ਗੱਲ ਹੋ ਗਈ ਸੀ।

ਪੰਜਾਬ ਪੁਲਿਸ ਨੇ ਗੌਂਡਰ ਨੂੰ ਸੁੱਖਾ ਕਾਹਲੋਂ ਦੇ ਕਤਲ ਤੇ ਹੋਰ ਕਈ ਮਾਮਲਿਆਂ ਵਿੱਚ ਗ੍ਰਿਫਤਾਰ ਕਰ ਲਿਆ ਸੀ। ਮਾਮਲਾ ਹਾਲੇ ਅਦਾਲਤ ਵਿੱਚ ਹੀ ਸੀ ਪਰ 27 ਨਵੰਬਰ 2016 ਨੂੰ ਨਾਭਾ ਜੇਲ੍ਹ ਵਿੱਚੋਂ ਫਰਾਰ ਹੋ ਗਿਆ। ਉਸ ਨਾਲ ਖਾਲਿਸਤਾਨੀ ਹਰਮਿੰਦਰ ਸਿੰਘ ਮਿੰਟੂ ਵੀ ਜੇਲ੍ਹ ਵਿੱਚੋਂ ਭੱਜ ਗਿਆ ਸੀ, ਪਰ ਛੇਤੀ ਹੀ ਕਾਬੂ ਆ ਗਿਆ ਸੀ। ਗੌਂਡਰ ਪਿਛਲੇ 13-14 ਮਹੀਨਿਆਂ ਤੋਂ ਪੁਲਿਸ ਦੀਆਂ ਅੱਖਾਂ ਵਿੱਚ ਲਗਾਤਾਰ ਘੱਟਾ ਪਾਉਂਦਾ ਆ ਰਿਹਾ ਸੀ।ਓਦੋਂ ਤੋਂ ਹੀ ਪੰਜਾਬ ਪੁਲਿਸ ਵਿੱਕੀ ਨੂੰ ਟਰੇਸ ਕਰ ਰਹੀ ਸੀ।ਅਕਾਲੀ ਗੌਰਮਿੰਟ ਨੇ ਗੈਂਗਸਟਰਾ ਨੂੰ ਨੱਥ ਪਾਉਣ ਲਈ ਕੋਈ ਯੋਗ ਕਦਮ ਨਹੀਂ ਸਨ ਚੁੱਕੇ ਤੇ ਪੰਜਾਬ ਅੰਦਰ ਗੈਂਗਵਾਰ ਲਗਾਤਾਰ ਵਧਦੀ ਗਈ। ਇਸ ਪਿੱਛੋਂ ਕਾਂਗਰਸ ਸਰਕਾਰ ਸੱਤਾ ਤੇ ਕਾਬਜ਼ ਹੋਈ ਤੇ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਦੇਖਦੇ ਹੋਏ ਪੰਜਾਬ ਵਿੱਚ ਕਾਂਗਰਸ ਸਰਕਾਰ ਨੇ ਇੱਕ ਵਿਸ਼ੇਸ਼ ਟੀਮ (ਆਰਗੇਨਾਈਜ਼ਡ ਕ੍ਰਾਈਮ ਕੰਟ੍ਰੋਲ ਯੂਨਿਟ) ਬਣਾ ਦਿੱਤੀ ਜਿਸ ਸਿਰ ਅਜਿਹੇ ਬਦਮਾਸ਼ਾਂ 'ਤੇ ਕਾਬੂ ਪਾਉਣ ਦਾ ਜ਼ਿੰਮਾ ਸੀ। ਨਾਭਾ ਜੇਲ੍ਹ ਵਿੱਚੋਂ ਫਰਾਰ ਹੋਣ ਤੋਂ ਬਾਅਦ ਵਿੱਕੀ ਗੌਂਡਰ ਫੇਸਬੁੱਕ 'ਤੇ ਗੱਲਬਾਤ ਕਰਦਾ ਰਹਿੰਦਾ ਸੀ ਪਰ ਪੁਲਿਸ ਦੇ ਹੱਥ ਵਿੱਚ ਨਹੀਂ ਆ ਰਿਹਾ ਸੀ। ਪਰ ਪੁਲਿਸ ਦਾ ਸਿਕੰਜਾ ਵਿੱਕੀ ਤੇ ਲਗਾਤਾਰ ਕਸਿਆ ਜਾ ਰਿਹਾ ਸੀ ਤੇ ਆਖਰ ਪੁਲਿਸ ਨੇ ਉਸ ਨੂੰ ਮੁਕਾਬਲੇ ਦੌਰਾਨ ਖ਼ਤਮ ਕਰ ਦਿੱਤਾ।

ਵਿੱਕੀ ਗੌਂਡਰ ਤੇ ਸਾਥੀਆਂ ਨੂੰ ਨਾਭਾ ਜੇਲ੍ਹ ਵਿੱਚੋਂ ਭਜਾਉਣ ਵਾਲਾ ਪ੍ਰੇਮਾ ਲਾਹੌਰੀਆ ਸੀ। ਨਾਭਾ ਜੇਲ੍ਹ ਬ੍ਰੇਕ ਕਾਂਡ ਦੀ ਸਾਰੀ ਸਾਜਿਸ਼ ਲਾਹੌਰੀਆ ਨੇ ਘੜੀ ਸੀ। ਵਿੱਕੀ ਗੌਂਡਰ ਦਾ ਖਾਸ ਪ੍ਰੇਮਾ ਲਾਹੌਰੀਆ ਜਲੰਧਰ ਦਾ ਰਹਿਣ ਵਾਲਾ ਸੀ ਤੇ ਵਿੱਕੀ ਦਾ ਪੁਰਾਣਾ ਸਾਥੀ ਸੀ। ਸੁੱਖਾ ਕਾਹਲੋਂ ਦੇ ਕਤਲ ਤੋਂ ਬਾਅਦ ਪ੍ਰੇਮ ਲਾਹੌਰੀਆ ਵੀ ਵਿੱਕੀ ਨਾਲ ਭੰਗੜਾ ਪਾਉਣ ਸਮੇਂ ਉੱਥੇ ਹੀ ਮੌਜੂਦ ਸੀ।

ਸਿਆਸੀ ਪੁਸ਼ਤ ਪਨਾਹੀ ਵਗੈਰ ਨੌਜਵਾਨ ਗਲਤ ਪਾਸੇ ਨਹੀਂ ਜਾਂਦੇ ਅਕਾਲੀ ਰਾਜ ਦੇ ਦਸ ਸਾਲ ਪੰਜਾਬ ਨੂੰ ਬਰਬਾਦੀ ਵੱਲ ਧੱਕਣ ਵਾਸਤੇ ਸਭ ਤੋਂ ਵੱਧ ਘਾਤਕ ਸਾਬਤ ਹੋਏ। ਪੰਜਾਬ ਅੰਦਰ ਨਸ਼ੇ ਨੇ ਅਨੇਕਾਂ ਨੌਜਵਾਨਾਂ ਨੂੰ ਸਦਾ ਦੀ ਨੀਂਦ ਸਮਾਂ ਦਿੱਤਾ। ਨਸ਼ਾ ਵੇਚਣ ਲਈ ਸਿਆਸੀ ਪ੍ਰਭਾਵ ਵਾਲੇ ਸਮਗਲਰਾਂ ਨੇ ਗੁੰਡੇ ਪਾਲੇ ਜਿਹੜੇ ਬਾਅਦ ਵਿੱਚ ਗੈਂਗਸਟਰ ਬਣੇ। ਜਿਨ੍ਹਾਂ ਚਿਰ ਸਿਆਸੀਆਂ ਨੇ ਇਹਨਾਂ ਨੂੰ ਵਰਤਣਾ ਹੁੰਦਾ ਓਹਨਾਂ ਚਿਰ ਇਹਨਾਂ ਦੀ ਹਰ ਖ਼ਾਤਰ ਕਰਦੇ ਨੇ ਜਦੋਂ ਵਰਤ ਲਿਆ ਫਿਰ ਮਖਣੀ ਚੋਂ ਵਾਲ ਵਾਂਗ ਕੱਢਕੇ ਵਗ੍ਹਾ ਮਾਰਦੇ ਨੇ। ਦੋਸਤੋ ਇਸ ਤੋਂ ਸਬਕ ਸਿੱਖੋ ਜ਼ਿੰਦਗੀ ਇੱਕ ਵਾਰ ਮਿਲਦੀ ਹੈ। ਇਸਨੂੰ ਗੈਰਾਂ ਲਈ ਨਾਂ ਜੀਓ ਪਤਾ ਨਹੀਂ ਕਦ ਗੋਲੀ ਸੀਨਾਂ ਪਾਰ ਕਰ ਜਾਵੇ। ਲੋੜ ਹੈ ਆਪਣੇ ਤੇ ਆਪਣੇ ਪਰਿਵਾਰ ਬਾਰੇ ਸੋਚਣ ਦੀ। ਅਪਰਾਧ ਦੀ ਦੁਨੀਆਂ ਵਿੱਚ ਜਿਹੜਾ ਇੱਕ ਵਾਰ ਚਲਾ ਗਿਆ ਸਮਝੋ ਮਰ ਗਿਆ ਜੇ ਬਚ ਗਿਆ ਤਾਂ ਜ਼ਿੰਦਗੀ ਨਰਕ ਬਰਾਬਰ। ਮਿਹਨਤ ਦੀ ਭਲਾ ਥੋੜੀ ਖਾ ਲਓ ਓਹ ਵੀ ਸਕੂਨ ਦੇਵੇਗੀ। ਹਰਪਲ ਮੌਤ ਦੇ ਸਾਏ ਹੇਠ ਜਿਉਣ ਨਾਲ਼ੋਂ ਚੰਗਾ ਰੁੱਖੀ ਮਿੱਸੀ ਖਾਕੇ ਸਾਦੇ ਜੀਵਨ ਨੂੰ ਅਪਣਾਓ ਦੁਨੀਆਂ ਦੀ ਚਕਾਚੌਂਧ ਸਿਰਫ ਚਾਰ ਦਿਨ ਦੀ ਹੈ। ਜੀਵਨ ਬੜਾ ਵਡਮੁੱਲਾ ਹੈ ਇਹਦੀ ਕਦਰ ਕਰੋ।

# ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀ,ਪਟਿਆਲਾ



ਸਤਨਾਮ ਸਿੰਘ ਮੱਟੂ
91-97797-08257

ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਦਾ ਸਿੱਖ ਇਤਿਹਾਸ ਵਿੱਚ ਇੱਕ ਵੱਡਮੁੱਲਾ,ਅਹਿਮ ਅਤੇ ਵਿਸ਼ੇਸ਼ ਸਥਾਨ ਹੈ। ਇਸ ਅਸਥਾਨ ਨੂੰ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਪਵਿੱਤਰ ਚਰਨਾਂ ਛੋਹ ਦਾ ਸੁਭਾਗ ਪ੍ਰਾਪਤ ਹੈ। ਧਾਰਮਿਕ ਅਹਿਮੀਅਤ ਦੇ ਨਾਲ ਨਾਲ ਪਟਿਆਲਾ ਸ਼ਹਿਰ ਦੀ ਖ਼ੂਬਸੂਰਤੀ ਵਿੱਚ ਵੀ ਇਸ ਅਸਥਾਨ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੈ। ਇੱਥੇ ਆਲੀਸ਼ਾਨ, ਰਣਮੀਕ ਅਤੇ ਅਤਿ ਸੁੰਦਰ ਗੁਰਦੁਆਰਾ ਸਾਹਿਬ ਗੁਰੂ ਸਾਹਿਬ ਦੀ ਯਾਦ ਵਿੱਚ ਬਣਾਇਆ ਗਿਆ ਹੈ, ਜਿੱਥੇ ਸਿੱਖ ਸੰਗਤਾਂ ਅਤੇ ਗੁਰੂ ਨਾਨਕ ਨਾਂਵ ਲੇਵਾ ਸ਼ਰਧਾਲੂ ਆਪਣੀ ਰੂਹ ਦੀ ਖ਼ੁਰਾਕ ਗੁਰਬਾਣੀ ਸਰਵਣ ਕਰਨ ਅਤੇ ਮਨ ਦੀ ਆਤਮਿਕ ਸ਼ਾਂਤੀ ਲਈ ਨਤਮਸਤਕ ਹੁੰਦੀਆਂ ਹਨ ਅਤੇ ਇੱਥੇ ਗੁਰਬਾਣੀ ਅਤੇ ਕੀਰਤਨ ਦਾ ਪ੍ਰਵਾਹ ਹਰ ਸਮੇਂ ਚੱਲਦਾ ਰਹਿੰਦਾ ਹੈ। ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਸ਼ੀਤਲ ਅਤੇ ਸਵੱਛ ਜਲ ਵਿੱਚ ਇਸ਼ਨਾਨ ਕਰਕੇ ਸੰਗਤਾਂ ਆਪਣੇ ਆਪ ਨੂੰ ਭਾਗੀਸ਼ਾਲੀ ਮੰਨਦੀਆਂ ਹਨ।ਇਹ ਗੁਰਦੁਆਰਾ ਸਾਹਿਬ ਪਟਿਆਲਾ ਬਸ ਸਟੈਂਡ ਤੋਂ ਉੱਤਰ ਵੱਲ ਇੱਕ ਕਿਲੋਮੀਟਰ ਦੂਰ ਪਟਿਆਲਾ-ਸਰਹਿੰਦ ਸੜਕ ਤੇ ਸਥਿਤ ਹੈ। ਇਤਿਹਾਸ ਅਨੁਸਾਰ ਜਦੋਂ ਗੁਰੂ ਤੇਗ ਬਹਾਦਰ ਜੀ ਧਰਮ ਪ੍ਰਚਾਰ ਕਰਦੇ ਹੋਏ ਅਤੇ ਸ਼ਰਧਾਲੂਆਂ ਨੂੰ ਨਾਮ ਬਾਣੀ ਨਾਲ ਜੋੜਦੇ ਹੋਏ ਸੈਫਾਬਾਦ (ਬਹਾਦਰਗੜ੍ਹ) ਵਿਖੇ ਠਹਿਰੇ ਹੋਏ ਸਨ। ਤਾਂ ਗੁਰੂ ਸਾਹਿਬ ਨੇ ਆਪਣੇ ਇੱਕ ਅਨਿਨ ਸੇਵਕ ਭਾਗ ਰਾਮ ਝਿਊਰ ਦੀ ਬੇਨਤੀ ਤੇ ਇਸ ਅਸਥਾਨ ਤੇ ਆਪਣੇ ਪਵਿੱਤਰ ਚਰਨ ਪਾਏ ਸਨ।

ਸਿੱਖ ਇਤਿਹਾਸ ਅਤੇ ਇੱਥੇ ਮੌਜੂਦ ਗੁਰੂ ਜੀ ਦੇ ਹੱਥ ਹੁਕਮਨਾਮਾ ਸਾਹਿਬ ਮੁਤਾਬਿਕ ਗੁਰੂ ਜੀ ਨੂੰ ਉਹਨਾਂ ਦੇ ਪਿਆਰੇ ਅਤੇ ਪੱਕੇ ਸੇਵਕ ਭਾਈ ਭਾਗ ਰਾਮ ਨੇ ਸੈਫਾਬਾਦ ਜਾਕੇ ਬੇਨਤੀ ਕੀਤੀ ਸੀ ਕਿ ਉਹ ਪਿੰਡ ਲਹਿਲ ਵਿਖੇ ਆਪਣੇ ਪਵਿੱਤਰ ਚਰਨ ਪਾਉਣ ਤਾਂ ਕਿ ਪਿੰਡ ਦੇ ਬੱਚਿਆਂ ਵਿੱਚ ਫੈਲੀ ਭਿਆਨਕ ਅਤੇ ਨਾਮੁਰਾਦ ਸੋਕੇ ਦੀ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕੇ। ਭਾਈ ਭਾਗ ਰਾਮ ਸੇਵਕ ਦੀ ਬੇਨਤੀ ਮੰਨ ਕੇ ਪਿੰਡ ਵਾਸੀਆਂ ਨੂੰ ਸੰਕਟ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਸਾਹਿਬ 5 ਮਾਘ ਸੁਦੀ ਬਿਕਰਮੀ ਸੰਮਤ 1728 (24 ਜਨਵਰੀ 1672ਈਸਵੀ) ਨੂੰ ਇਸ ਅਸਥਾਨ ਤੇ ਇੱਕ ਛੱਪੜ ਦੇ ਕੰਢੇ



ਬੋਹੜ੍ਹ ਦੇ ਦਰੱਖਤ ਥੱਲੇ ਆਕੇ ਬਿਰਾਜਮਾਨ ਹੋਏ ਸਨ।ਗੁਰੂ ਸਾਹਿਬ ਦੀ ਦਿੱਬਿਆ ਦ੍ਰਿਸ਼ਟੀ ਨਾਲ ਪਿੰਡ ਵਾਸੀਆਂ ਦੀ ਬਿਮਾਰੀ ਠੀਕ ਹੋ ਗਈ ਅਤੇ ਹੁਕਮ ਕੀਤਾ ਸੀ ਕਿ ਜੋ ਪ੍ਰਾਣੀ ਸ਼ਰਧਾ ਨਾਲ ਇੱਥੇ ਇਸ਼ਨਾਨ ਕਰੇਗਾ ਉਸਦੇ ਸਾਰੇ ਰੋਗ ਦੂਰ ਹੋ ਜਾਣਗੇ। ਉਹਨਾਂ ਇਹ ਵੀ ਬਚਨ ਕੀਤਾ ਕਿ ਜੋ ਪ੍ਰਾਣੀ ਇੱਥੇ ਬਸੰਤ ਪੰਚਵੀਂ ਨੂੰ ਇਸ਼ਨਾਨ ਕਰਨਗੇ, ਉਹਨਾਂ ਨੂੰ ਸਾਰੇ ਤੀਰਥਾਂ ਦਾ ਫਲ ਪ੍ਰਾਪਤ ਹੋਵੇਗਾ। ਗੁਰੂ ਜੀ ਆਮਦ ਬਾਰੇ ਸੁਣ ਕੇ ਇੱਕ ਦੁਖਿਆਰੀ ਕਰਮਾ ਦੇਵੀ ਖਤਰਾਣੀ ਨੇ ਆ ਗੁਰੂ ਜੀ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ, ਅਠਰਾਏ ਨਾਲ ਮੇਰੇ ਬੱਚੇ ਸ਼ਾਂਤ ਹੋ ਜਾਂਦੇ ਹਨ ਅਤੇ ਮੇਰੀ ਗੋਦ ਖਾਲੀ ਹੈ। ਮੇਰੇ ਤੇ ਮਿਹਰ ਦੀ ਨਜ਼ਰ ਕਰੋ।" ਗੁਰੂ ਜੀ ਨੇ ਹੁਕਮ ਕੀਤਾ ਕਿ ਇਸ ਅਸਥਾਨ ਤੇ ਇਸ਼ਨਾਨ ਕਰੋ, ਸਾਰੇ ਦੁੱਖ ਦੂਰ ਹੋ ਜਾਣਗੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਸੇਵਕਾਂ ਦੇ ਦੁੱਖ ਹਰਣ ਕੀਤੇ ਅਤੇ ਇਸ ਧਰਤੀ ਨੂੰ ਭਾਗ ਲਗਾ ਕੇ ਅਮਰ ਦਿੱਤਾ। ਗੁਰੂ ਸਾਹਿਬ 6 ਮਾਘ ਸ਼ੁਕਲ ਪੰਚਮੀ 1728 ਬਿਕਰਮੀ ਸੰਮਤ ਨੂੰ ਇੱਥੋਂ ਅਗਲੇ ਪੜਾਅ ਲਈ ਚਲੇ ਗਏ ।ਗੁਰੂ ਜੀ ਆਮਦ ਦੀ ਯਾਦ ਵਿੱਚ ਰਾਜਾ ਅਮਰ ਸਿੰਘ ਨੇ ਇੱਥੇ ਸੁੰਦਰ ਬਾਗ ਲਗਵਾਇਆ ਸੀ। ਸੰਨ 1930 ਵਿੱਚ ਮਹਾਰਾਜਾ ਭੁਪਿੰਦਰ ਸਿੰਘ ਨੇ ਇੱਥੇ ਗੁਰਦੁਆਰਾ ਸਾਹਿਬ ਬਣਵਾਇਆ ਸੀ। ਜਿਸ ਸਥਾਨ ਤੇ ਗੁਰੂ ਜੀ ਨੇ ਆਕੇ ਬਿਰਾਜਮਾਨ ਹੋਏ ਸਨ, ਉਸ ਅਸਥਾਨ ਤੇ ਗੁਰੂ ਜੀ ਦੀ ਯਾਦ ਚ ਸੁੰਦਰ ਅਤੇ ਅਲੌਕਿਕ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਬਣਿਆ ਹੋਇਆ ਹੈ ਅਤੇ ਨਾਲ ਹੀ ਸੀਤਲ ਜਲ ਨਾਲ ਭਰਪੂਰ ਪਵਿੱਤਰ ਸਰੋਵਰ ਬਣਿਆ ਹੋਇਆ ਹੈ, ਜਿਸ ਵਿੱਚ ਸੰਗਤਾਂ ਇਸ਼ਨਾਨ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਹਨ।ਇੱਥੇ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ੁਭ ਹੱਥ ਨਾਲ ਲਿਖਿਆ ਪਵਿੱਤਰ ਹੁਕਮਨਾਮਾ ਸਾਹਿਬ ਵੀ ਸ਼ੁਸ਼ੋਭਿਤ ਹੈ।ਗੁਰੂ ਜੀ ਆਪਾਰ ਕਿਰਪਾ ਨਾਲ ਛੱਪੜ ਪਵਿੱਤਰ ਸਰੋਵਰ ਵਿੱਚ ਬਦਲ ਗਿਆ। ਪਹਿਲਾਂ ਇੱਥੇ ਬੋਹੜ੍ਹ ਦੇ ਦਰੱਖਤ ਕੋਲ ਹਰ ਵੇਲੇ ਜੋਤ ਜਗਦੀ ਸੀ, ਪਰ ਹੁਣ ਬੋਹੜ ਦਾ ਦਰੱਖਤ ਕੱਟ ਕੇ ਹੁਣ ਜੋਤ ਗੁਰ-ਦੁਆਰਾ ਸਾਹਿਬ ਦੀ ਹਦੂਦ ਅੰਦਰ ਸੁਭ-ਾਇਮਾਨ ਹੈ। ਹੁਣ ਹਰ ਮਹੀਨੇ ਚਾਨਣੀ ਪੱਖ ਦੀ ਪੰਚਵੀਂ ਨੂੰ ਦੂਰ ਨੇੜਿਓਂ ਸੰਗਤਾਂ ਆਕੇ ਇੱਥੇ ਸੀਸ ਨਿਵਾਉਂਦੀਆਂ ਅਤੇ ਸਰੋਵਰ ਚ ਇਸ਼ਨਾਨ ਕਰਕੇ ਮਾਨਸਿਕ ਸਾਂਤੀ ਪ੍ਰਾਪਤ ਕਰਦੀਆਂ ਹਨ। ਗੁਰੂ ਜੀ ਦੇ ਹੁਕਮ ਅਨੁਸਾਰ ਇੱਥੇ ਹਰ ਸਾਲ ਬਸੰਤ ਪੰਚਵੀਂ ਨੂੰ ਭਾਰੀ ਮੇਲਾ ਲੱਗਦਾ ਹੈ। ਇਸ ਦਿਨ ਢਾਡੀ ਵਾਰਾਂ ਦਾ ਇੱਕ ਮਹਾਨ ਕੁੰਭ ਵੀ ਹੁੰਦਾ ਹੈ। ਇੱਥੇ ਦੇਸ਼ ਵਿਦੇਸ਼ ਤੋਂ ਆਕੇ ਸੰਗਤਾਂ ਇੱਥੇ ਨਤਮਸਤਕ ਹੋਕੇ ਸਜਦਾ ਕਰਦੀਆਂ ਹਨ ਅਤੇ ਗੁਰੂ ਘਰ ਦੀ ਖੁਸ਼ੀ ਦੀ ਪ੍ਰਾਪਤੀ ਲਈ ਆਸ਼ੀਰਵਾਦ ਲੈਂਦੀਆਂ ਹਨ। ਇੱਥੇ ਹਰ ਵੇਲੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ। ਇਹ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਹੈ। ਸਿੱਖ ਅਜਾਇਬ ਘਰ ਵਿੱਚ ਸਿੱਖ ਧਰਮ ਅਤੇ ਮਾਣਮੱਤੇ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਹਨ। ਸੰਗਤਾਂ ਦੇ ਰਾਤ ਠਹਿਰਨ ਲਈ ਸਰਾਂ ਅਤੇ ਕਮਰਿਆਂ ਦਾ ਵਿਸ਼ਾਲ ਪ੍ਰਬੰਧ ਹੈ।



Professor Harnek Singh presenting a Memorandum to honorable Cabinet Minister S. Sadhu Singh Dharamsot regarding implementation of reservation policy in direct recruitment of teaching faculties teachers at Punjab Agricultural University Ludhiana on dated 5-02-18

# ਅੰਮ੍ਰਿਤਸਰ ਵਿੱਚ ਮਾਂ-ਧੀ ਦੇ ਕਤਲ ਮਗਰੋਂ ਲਾਸ਼ਾਂ ਸਾੜੀਆਂ

**ਅੰਮ੍ਰਿਤਸਰ-** ਸਥਾਨਕ ਸੁਲਤਾਨਵਿੰਡ ਇਲਾਕੇ ਦੀ ਆਬਾਦੀ ਦਰਸ਼ਨ ਐਵੇ-ਨਿਊ ਵਿਖੇ ਬੀਤੀ ਅੱਧੀ ਰਾਤ ਮਾਂ ਅਤੇ ਧੀ ਦਾ ਕਤਲ ਕਰਕੇ ਉਨ੍ਹਾਂ ਨੂੰ ਅੱਗ ਨਾਲ ਸਾੜ ਦਿੱਤਾ ਗਿਆ। ਪੁਲੀਸ ਨੇ ਕੇਸ ਦਰਜ ਕਰਕੇ ਲਾਸ਼ਾਂ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਰਾਤ ਡੇਢ ਵਜੇ ਦੇ ਕਰੀਬ ਜਦੋਂ ਉਨ੍ਹਾਂ ਨੂੰ ਘਰ ਵਿੱਚ ਅੱਗ ਲੱਗਣ ਦਾ ਪਤਾ ਲੱਗਾ ਤਾਂ ਇਸ ਦੀ ਸੂਚਨਾ ਪੁਲੀਸ ਅਤੇ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਫਾਇਰ ਬ੍ਰਿਗੇਡ ਦੇ ਅਮਲੇ ਨੇ ਅੱਗ 'ਤੇ ਕਾਬੂ ਪਾਇਆ। ਇਸ ਦੌਰਾਨ ਥਾਣਾ ਸੁਲਤਾਨਵਿੰਡ ਦੇ ਮੁਖੀ ਇੰਸਪੈਕਟਰ ਨੀਰਜ ਕੁਮਾਰ ਅਤੇ ਚੌਕੀ ਇੰਚਾਰਜ ਅਰਜਨ ਕੁਮਾਰ ਮੌਕੇ 'ਤੇ ਪਹੁੰਚ ਕੇ ਤਹਿਕੀਕਾਤ ਕੀਤੀ। ਪੁਲੀਸ ਕਮਿਸ਼ਨਰ ਐਸ ਐਸ ਸ੍ਰੀਵਾਸਤਵ, ਡੀਸੀਪੀ (ਜਾਂਚ) ਜਗਮੋਹਨ ਸਿੰਘ, ਏਡੀਸੀਪੀ ਸਿਟੀ-1 ਜਗਜੀਤ ਸਿੰਘ ਵਾਲੀਆ ਅਤੇ ਏਸੀਪੀ (ਦੱਖਣੀ) ਮਨਜੀਤ ਸਿੰਘ ਨੇ ਵੀ ਮੌਕੇ 'ਤੇ ਪਹੁੰਚ ਕੇ ਹਾਲਾਤ ਦਾ ਜਾਇਜ਼ਾ ਲਿਆ।

ਇੰਸਪੈਕਟਰ ਨੀਰਜ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਉਹ ਘਟਨਾ ਵਾਲੀ ਥਾਂ 'ਤੇ ਪਹੁੰਚੇ ਤਾਂ ਘਰ ਅੰਦਰ ਦੋ ਲਾਸ਼ਾਂ ਸੜੀ ਹੋਈ ਹਾਲਤ 'ਚ ਪਈਆਂ ਸਨ। ਉਨ੍ਹਾਂ ਕਿਹਾ ਕਿ ਗਗਨ ਵਰਮਾ ਦੀ ਲਾਸ਼ ਤਕਰੀਬਨ ਸੜੀ ਹੋਈ ਸੀ ਅਤੇ ਉਸ ਦੀ ਬੇਟੀ ਸ਼ਿਵ ਨੈਣੀ ਦੀ ਅਰਧ ਨਗਨ ਹਾਲਤ 'ਚ ਲਾਸ਼ ਪਈ ਸੀ ਜਿਸ ਦੇ ਹੱਥ-ਪੈਰ ਬੰਨ੍ਹੇ ਹੋਏ ਸਨ ਅਤੇ ਮੂੰਹ ਵਿੱਚ ਕੱਪੜਾ ਦਿੱਤਾ ਹੋਇਆ ਸੀ। ਪੁਲੀਸ ਮੁਤਾਬਕ ਕਮਰਾ ਪੂਰੀ ਤਰ੍ਹਾਂ ਨਾਲ ਸੜਿਆ ਹੋਇਆ ਸੀ ਅਤੇ ਇੰਜ ਜਾਪਦਾ ਹੈ ਕਿ ਮਾਵਾਂ-ਧੀਆਂ ਨੂੰ ਪਹਿਲਾਂ ਕਤਲ ਕੀਤਾ ਗਿਆ ਅਤੇ ਫਿਰ ਸਾੜਿਆ ਗਿਆ।

## ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# "ਐਸਾ ਚਾਹੂੰ ਰਾਜ ਮੈਂ"



ਇੰਦਰਜੀਤ ਸਿੰਘ
91-97793-24972

ਭਾਰਤ ਦੇ ਸਦੀਆਂ ਤੋਂ ਪੀੜਤ ਅਤੇ ਲਿਤਾੜੇ ਜਾਂਦੇ ਨਿਮਨ ਵਰਗ ਦੇ ਲੋਕਾਂ ਅੰਦਰ ਇੱਕ ਆਸ ਦੀ ਕਿਰਨ ਜਗਾ, ਉਹਨਾਂ ਵਿੱਚ ਸਵੈ-ਵਿਸ਼ਵਾਸ, ਸਵੈ-ਮਾਣ, ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ, ਸੰਤ ਸਤਿਗੁਰੂ ਰਵਿਦਾਸ ਜੀ ਇੱਕ ਬੇਮਿਸਾਲ, ਵਿਲੱਖਣ, ਅਦਿੱਤੀ ਤੇ ਮਹਾਨ ਵਿਆਕਤੀਤਵ ਦੇ ਸੁਆਮੀ ਸਨ। ਆਪ ਜੀ ਨੇ ਨਿਮਨ ਵਰਗ (ਦਲਿਤਾਂ) ਵਿੱਚ ਇੱਕ ਇਨਕਲਾਬੀ ਲਹਿਰ ਤੋਰੀ ਅਤੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਗੱਲ ਕੀਤੀ। ਆਪ ਜੀ ਦਾ ਵਿਲੱਖਣ ਤੇ ਤੇਜੱਸਵੀ ਵਿਆਕਤੀਤਵ ਸਦੀਆਂ ਤੋਂ ਪੀੜਤ ਵਰਗ ਲਈ ਇੱਕ ਆਸ਼ਾ ਦਾ ਨਵਾ ਸੰਦੇਸ਼ ਲੈ ਕੇ ਆਇਆ, ਜਿਸਨੇ ਸਮਾਜ ਵਿੱਚ ਫੈਲੀਆ ਕੁਰੀਤੀਆਂ ਅਤੇ ਰੂੜੀਵਾਦੀ ਸੋਚ ਦੀਆ ਜੰਜੀਰਾਂ ਨੂੰ ਕੱਟਣ ਦਾ ਕਾਰਜ ਆਰੰਭ ਕੀਤਾ।

ਸਤਿਗੁਰੂ ਰਵਿਦਾਸ ਜੀ ਦਾ ਪਵਿੱਤਰ ਆਗਮਨ, 14ਵੀਂ ਸਦੀ ਵਿੱਚ ਹੋਇਆ। ਕੁੱਝ ਵਿਦਵਾਨ ਅਤੇ ਖੋਜਾਂ ਆਪ ਜੀ ਦੇ ਜਨਮ ਨੂੰ ਮਾਘ ਸੁਦੀ 15, 1433,ਬਿਕ੍ਰਮੀ ਸੰਮਤ ਭਾਵ ਜਨਵਰੀ,1377 ਈ. ਦਿਨ ਐਤਵਾਰ ਨੂੰ ਹੋਇਆ ਮੰਨਦੇ ਹਨ। ਆਪ ਜੀ ਦੇ ਪਿਤਾ ਦਾ ਨਾਮ ਸਤਿਕਾਰਯੋਗ ਸ਼੍ਰੀ ਸੰਤੋਖ ਦਾਸ ਜੀ ਅਤੇ ਮਾਤਾ ਜੀ ਦਾ ਨਾਮ ਮਾਤਾ ਕਲਸੀ ਜੀ ਸੀ। ਆਪ ਜੀ ਦਾ ਵਿਆਹ ਮਾਤਾ ਲੋਨਾ ਜੀ ਨਾਲ ਹੋਇਆ, ਜਿਨ੍ਹਾ ਨੇ ਇੱਕ ਪੁੱਤਰ ਸ਼੍ਰੀ ਵਿਜੈ ਦਾਸ ਜੀ ਨੂੰ ਜਨਮ ਦਿੱਤਾ।

ਆਪ ਜੀ ਦਾ ਜਨਮ ਨਿਮਨ ਵਰਗ ਜਿਸਨੂੰ ਉਸ ਸਮੇਂ ਅਛੂਤ ਕਿਹਾ ਜਾਂਦਾ ਸੀ, ਵਿੱਚ ਹੋਇਆ ਸੀ, ਪਰ ਆਪ ਜੀ ਦੇ ਸ਼ਿਸ਼ ਉੱਚ ਜਾਤੀ ਦੇ ਵੀ ਸਨ।ਆਪ ਜੀ ਦੇ ਜਨਮ ਸਮੇਂ ਪੂਰਾ ਵਾਤਾਵਰਨ, ਊਚ -ਨੀਚ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਛੂਆ-ਛਾਤ, ਆਪਸੀ ਵਿਰੋਧ ਆਦਿ ਰੂਪੀ ਬਿਮਾਰੀਆ ਨਾਲ ਦੂਸ਼ਿਤ ਹੋ ਚੁੱਕਾ ਸੀ। ਆਪ ਜੀ ਦੁਆਰਾ ਉਚਾਰੀ ਬਾਣੀ ਨੇ ਇਹਨਾਂ ਸਭ ਰੂੜੀਵਾਦੀ ਵਿਚਾਰਧਰਾਵਾਂ ਨੂੰ ਖਤਮ ਕਰਨ ਦਾ ਕਾਰਜ ਕੀਤਾ।ਆਪ ਜੀ ਦੀ ਵਿਚਾਰਧਾਰਾ ਅਧਿਆਤਮਿਕ ਹੋਣ ਦੇ ਨਾਲ-ਨਾਲ ਸਮਾਜਿਕ ਵੀ ਸੀ। ਗੁਰੂ ਜੀ ਪ੍ਰਮਾਤਮਾ ਨੂੰ ਯਾਦ ਕਰਦੇ ਹੋਏ ਫਰਮਾਉਂਦੇ ਹਨ,

"ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਕਨਕ ਕਟਿਲ ਜਲ ਤਰੰਗ ਜੈਸਾ।।੧।।"

ਫਿਰ ਗੁਰੂ ਜੀ ਪ੍ਰਮਾਤਮਾਂ ਦੀ ਹੋਂਦ ਨੂੰ ਇੱਕ ਚੰਦਨ ਦੇ ਰੁੱਖ ਦੇ ਸਮਾਨ ਅਤੇ ਆਪਣੇ ਆਪ ਨੂੰ ਇੱਕ ਨਿਮਾਣੇ ਜਿਹੇ ਅਰਿੰਡ ਦੇ ਰੁੱਖ ਸਮਾਨ ਮੰਨਦੇ ਹੋਏ ਫਰਮਾਉਂਦੇ ਹਨ,

"ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।।
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ।।੧।।"

ਆਪ ਜੀ ਦੀ ਵਿਚਾਰਧਾਰਾ ਬੜੀ ਉੱਚੀ ਤੇ ਸੁੱਚੀ ਸੀ। ਆਪ ਜੀ ਨੇ,

"ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹ ਨਹੀ ਤਿਹਿ ਠਾਉ।।"

ਰੂਪੀ ਬਾਣੀ ਉਚਾਰ, ਇੱਕ ਐਸੇ ਸ਼ਹਿਰ ਨੂੰ ਰਚਣ ਦੀ ਕਲਪਨਾ ਕੀਤੀ ਹੈ, ਜਿਥੇ ਕੋਈ ਵੀ ਗਮ ਕਿਸੇ ਨੂੰ ਨਾ ਖਾਵੇ, ਜਿਥੇ ਸਾਰੇ ਬਿਨਾ ਕਿਸੇ ਗਮ, ਭਾਵ ਦੁੱਖ ਤੋਂ ਮੁਕਤ ਹੋ ਕੇ, ਖੁਸ਼ੀ-ਖੁਸ਼ੀ ਰਹਿਣ।ਇੱਕ ਐਸਾ ਸ਼ਹਿਰ ਜਿਥੇ ਸਾਰੇ ਚਿੰਤਾ ਮੁਕਤ ਹੋ ਕੇ ਖੁਸ਼ੀ ਨਾਲ ਰਹਿਣ। ਆਪ ਜੀ ਦੁਨੀਆ ਤੇ ਅਤਿ-ਅਧੁਨਿਕ ਤੇ ਸਾਂਝੀਵਾਲਤਾ ਦੀ ਵਿਚਾਰਧਾਰਾ ਲੈ ਕੇ ਆਏ। ਆਪ ਸਭ ਨੂੰ ਬਰਾਬਰ ਨਜਰਾਂ ਨਾਲ ਦੇਖਦੇ ਸਨ ਜੋ,

"ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ"

ਤੋਂ ਸਾਬਿਤ ਹੁੰਦਾ ਹੈ। ਇਸ ਵਿੱਚ ਆਪ ਸਪਸ਼ਟ ਕਹਿੰਦੇ ਹੋ ਕਿ ਆਪ ਜੀ ਐਸਾ ਰਾਜ ਚਾਹੁੰਦੇ ਸਨ,ਜਿਥੇ ਕਿਸੇ ਵੀ ਕਿਸਮ ਦਾ ਕੋਈ ਭੇਦ ਭਾਵ ਨਾ ਹੋਵੇ। ਜਿਥੇ ਅਮੀਰ-ਗਰੀਬ, ਵੱਡੇ-ਛੋਟੇ, ਬਿਨਾ ਕਿਸੇ ਭੇਦ-ਭਾਵ, ਊਚ-ਨੀਚ ਤੋਂ, ਮਿਲ-ਜੁਲ ਕੇ ਰਹਿਣ। ਆਪ ਜੀ ਸਭ ਨੂੰ ਸਮਾਨ ਨਜਰਾਂ ਨਾਲ ਤੱਕਦੇ ਸਨ। ਫਿਰ ਆਪ ਜੀ ਮੱਧੂ-ਮੱਖੀਆਂ ਦੀ ਉਦਾਹਰਣ ਦਿੰਦੇ ਹੋਏ ਸਾਰਿਆ ਨੂੰ ਸਤਿਗੁਰੂ ਦੀ ਸੰਗਤ ਨਾਲ ਰਲ ਮਿਲ ਰਹਿਣ ਦਾ ਸੰਦੇਸ਼ ਦਿੰਦੇ ਹੋਏ ਫਰਮਾਉਂਦੇ ਹਨ,

"ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ।।
ਸਤਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਮ ਮਖੀਰਾ।।੨।।

ਆਪ ਜੀ ਦੀ ਵਿਚਾਰਧਾਰਾ ਬਹੁਤ ਹੀ ਵਿਲੱਖਣ ਸੀ। ਆਪ ਜੀ ਦੁਆਰਾ ਉਚਾਰੀ ਗਈ ਬਾਣੀ ਆਪ ਜੀ ਦੇ ਵਿਆਕਤੀਤਵ ਨੂੰ ਵਿਆਕਤ ਕਰਦੀ ਹੈ। ਆਪ ਜੀ ਦੇ ਸਮਕਾਲੀ ਅਤੇ ਬਾਅਦ ਦੇ ਸੰਤਾਂ ਮਹਾ ਪੁਰਸ਼ਾਂ ਨੇ ਆਪ ਜੀ ਦੀ ਬਹੁਤ ਪ੍ਰਸੰਸਾ ਕੀਤੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੇ 40 ਸ਼ਬਦ ਅਤੇ ਇੱਕ ਸ਼ਲੋਕ ਦਰਜ ਹੈ।

ਆਪ ਜੀ ਦਾ ਜੀਵਨ ਕਾਲ 100 ਸਾਲ ਤੋਂ ਵੱਧ ਦਾ ਮੰਨਿਆ ਜਾਂਦਾ ਹੈ। ਆਪ ਜੀ ਦੇ ਜੀਵਨ ਦੇ, ਆਪ ਜੀ ਦੁਆਰਾ, ਜਨੇਊ ਕੱਢਣਾ, ਉਲਟੀ ਗੰਗਾ, ਪਾਣੀ ਉੱਤੇ ਪੱਥਰ ਤਾਰਨਾ ਆਦਿ ਕੌਤਕ ਰਹੇ ਹਨ।

ਆਪ ਜੀ ਨੇ, ਗੁਲਾਮੀ ਨੂੰ ਪਾਪ ਕਹਿ ਕਿ ਨਿਮਨ ਵਰਗ ਵਿੱਚ ਇੱਕ ਚੇਤਨਾ ਪੈਦਾ ਕੀਤੀ ਹੈ। ਆਪ ਜੀ ਦੁਆਰਾ ਸਮਾਜ ਨੂੰ ਦਿੱਤੀਆ ਸਿੱਖਿਆਵਾਂ ਨੂੰ ਕਦੇ ਵੀ ਭੁੱਲਿਆ ਨਹੀ ਜਾ ਸਕਦਾ। ਅੱਜ ਸਾਨੂੰ ਕੇਵਲ ਉਹਨਾਂ ਦੀਆਂ ਦਿੱਤੀਆਂ ਸਿੱਖਿਆਵਾਂ ਨੂੰ ਪੜਨ ਦੀ ਹੀ ਨਹੀ ਸਗੋਂ ਉਹਨਾਂ ਨੂੰ ਆਪਣੀ ਜਿੰਦਗੀ ਵਿੱਚ ਅਪਣਾਉਣ ਦੀ ਵੀ ਲੋੜ ਹੈ।

# ਵੱਡਾ ਘੱਲੂਘਾਰਾ- ਚੜ੍ਹਦੀ ਕਲਾ ਦਾ ਪ੍ਰਤੀਕ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਦੀ ਗੁਰਮਤਿ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲਿਆਂਦਾ। ਸਮਾਜ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਦੇ ਛਕਣ ਦੇ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਅਤੇ ਸਵੈਮਾਣ ਜੀਵਨ ਜਿਊਣ ਦੀ ਜਾਚ ਸਿਖਾਈ। ਅੱਗੇ ਚੱਲ ਕੇ ਸਿੱਖਾਂ ਨੇ ਇਸ ਨਵੇਂ ਪਰਿਵਰਤਨ ਵਿਚ ਲਾਸਾਨੀ ਕੁਰਬਾਨੀਆਂ ਦਿੱਤੀਆਂ। ਹਰ ਮੈਦਾਨੇ-ਜੰਗ ਵਿਚ ਖਾਲਸਾ ਜਿਸ ਜੌਹਲ ਨਾਲ ਹਮੇਸ਼ਾ ਲੜਿਆ, ਉਸਦੀ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਸ਼ਾਸਕਾਂ ਨੂੰ ਜਬਰੀ ਧਰਮ ਤਬਦੀਲ ਕਰਨ ਦੇ ਇਰਾਦੇ ਨਾਲ ਬੜੇ ਜੁਲਮ ਢਾਹੇ। ਅੱਗੋਂ ਸਿੰਘਾਂ ਨੇ ਵੀ ਅਜਿਹੀ ਸ਼ਿੱਦਤ ਨਾਲ ਅੱਤਿਆਚਾਰ ਪਿੰਡੇ 'ਤੇ ਹੰਢਾ ਕੇ ਆਪਣੇ ਨਿਸਚੈ ਵਿਚ ਪੱਕੇ ਰਹਿ ਕੇ ਜੁਲਮ ਦੇ ਥੰਮ ਹਿਲਾ ਦਿੱਤੇ। ਹਰ ਨੌਜਵਾਨ ਬੱਚਾ ਬਜ਼ੁਰਗ ਔਰਤ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ ਤੇ ਗਾਉਂਦੇ ਰਹੇ 'ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ' ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਪੱਕੇ ਰਹਿ ਕੇ ਦੁਸ਼ਮਣ ਦਾ ਡੱਟ ਕੇ ਮੁਕਾਬਲਾ ਕੀਤਾ। ਨਿਸਚੈ ਕਰ ਅਪਨੀ ਜੀਤ ਕਰੂੰ ਅਨੁਸਾਰ ਜਿੱਤਾਂ ਪ੍ਰਾਪਤ ਕੀਤੀਆਂ। ਅਜਿਹੇ ਸਮੇਂ ਵਿਚ ਹੀ ਅਫਗਾਨੀ ਹਮਲਾਵਰਾਂ ਦਾ ਸਿੱਖਾਂ ਨੂੰ ਖਤਮ ਕਰਨ ਦਾ ਖੂਨੀ ਇਰਾਦਾ ਸੀ। ਜਿਸ ਨਾਲ ਸਿੱਖਾਂ ਦਾ ਕਤਲੇਆਮ ਦੋ ਦਹਾਕਿਆਂ ਤੱਕ ਹੁੰਦਾ ਰਿਹਾ। ਜਿਸ ਵਿਚ 1746 ਈ. ਦਾ ਕਾਹਨੂੰਵਾਨ ਛੰਭ ਦਾ ਛੋਟਾ ਘੱਲੂਘਾਰਾ। ਇਸ ਤੋਂ ਬਾਅਦ 1762 ਵਿਚ ਕੁੱਪ ਰਹੀੜੇ ਦਾ ਵੱਡਾ ਘੱਲੂਘਾਰਾ ਜਿਸ ਵਿਚ ਸਿੱਖਾਂ ਦੇ ਵੱਡੇ ਪੱਧਰ 'ਤੇ ਹੋਏ ਕਤਲੇਆਮ ਕਰਕੇ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ, ਜੋ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ-ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬਾ ਬ੍ਰਾਹਮਣੀਆਂ ਕੋਲ ਜਾ ਕੇ ਖਤਮ ਹੁੰਦ ਹੈ।

ਮੁਗਲ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਜਵਾਨੀ ਦੀ ਉਮਰ ਵਿਚ ਹੀ ਸ਼ਾਸਕ ਬਣ ਬੈਠਾ ਸੀ। ਉਸਨੂੰ ਆਪਣੇ ਰਾਜ ਨੂੰ ਵਧਾਉਣ ਦਾ ਬੜਾ ਸ਼ੌਂਕ ਸੀ। ਸਿੱਖਾਂ ਦੀ ਵਧਦੀ ਤਾਕਤ ਤੋਂ ਘਬਰਾਇਆ ਅਬਦਾਲੀ ਇਕ ਲੱਖ ਫੌਜ ਲੈ ਕੇ 1762 ਵਿਚ ਪੰਜਾਬ ਦਾਖਲ ਹੋ ਗਿਆ। ਸਿੱਖਾਂ ਨੇ ਲੁਧਿਆਣਾ ਦੇ ਕੋਲ ਕੁੱਪ-ਰਹੀੜੇ ਦੇ ਮੈਦਾਨ ਵਿਚ ਡੇਰੇ ਲਾਏ ਹੋਏ ਸਨ, ਜਿਸ ਵਿਚ ਬੱਚੇ, ਬਜ਼ੁਰਗ ਅਤੇ ਔਰਤਾਂ ਦੀ ਵਹੀਰ ਵੀ ਸ਼ਾਮਲ ਸੀ। ਅਬਦਾਲੀ ਨੇ ਸਿੱਖਾਂ 'ਤੇ ਅਚਾਨਕ ਹੱਲਾ ਬੋਲ ਦਿੱਤਾ। ਸਿੱਖਾਂ ਨੇ ਵਹੀਰ ਨੂੰ ਮਾਲਵੇ ਵੱਲ ਸੁਰੱਖਿਅਤ ਭੇਜ ਦਿੱਤਾ ਤੇ ਸਿੰਘਾਂ ਨੇ ਆਪ ਜੰਗ ਦੀ ਤਿਆਰੀ ਕਰਵਾਈ। ਸਿੰਘ ਜੰਗ ਲੜਦੇ ਹੋਏ ਵਹੀਰ ਦੇ ਪਿੱਛੇ-ਪਿੱਛੇ ਜਾ ਰੇ ਸਨ। ਉਸ ਵੇਲੇ ਤੱਕ ਇਕ ਪਾਸਿਉਂ ਜੈਨ ਖਾਨ ਸੂਬਾ ਸਰਹੰਦ, ਦੂਜੇ ਪਾਸੇ ਭੀਖਣ ਖਾਂ ਨਵਾਬ ਮਲੇਰਕੋਟਲਾ ਅਤੇ ਲੱਛਮੀ ਸਹਾਏ ਦੀਵਾਨ ਰਾਏਕੋਟ ਆਪਣੀਆਂ ਫੌਜਾਂ ਲੈ ਕੇ ਪਹੁੰਚ ਚੁੱਕੇ ਸਨ। ਸਿੰਘਾਂ ਨੇ ਚਾਰੇ ਪਾਸਿਉਂ ਘਿਰਿਆ ਵੇਖ ਕੇ ਸਿਰ ਧੜ ਦੀ ਬਾਜ਼ੀ ਲਾ ਕੇ ਲੜਨਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਸ਼ੁੱਕਰਚੱਕੀਆ, ਡਲੇਵਾਲੀਆ ਤੇ ਨਿਸ਼ਾਨਵਾਲੀਆ ਵੀ ਜੰਗ ਵਿਚ ਜੂਝ ਰਹੇ ਸਨ। ਕੁਤਬਾ ਬਾਹਮਣੀਆਂ ਕੋਲ ਹੋ ਰਹੀ ਗਹਿਗੱਚ ਲੜਾਈ ਵਿਚ ਉਲਝੇ ਸਿੰਘਾਂ ਨੂੰ ਤਾੜ ਕੇ ਅਬਦਾਲੀ ਦੀ ਫੌਜ ਨੇ ਧੋਖਾ ਦੇ ਕੇ ਅੱਗੇ ਜਾ ਰਹੀ ਵਹੀਰ 'ਤੇ ਹਮਲਾ ਕਰ ਦਿੱਤਾ ਅਤੇ ਵੱਡੀ ਗਿਣਤੀ ਵਿਚ ਸਿੱਖ ਬੱਚਿਆਂ, ਬਜ਼ੁਰਗਾਂ ਤੇ ਇਸਤਰੀਆਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਉਧਰੋਂ ਸਿੱਖ ਵੀ ਵਹੀਰ ਦੀ ਰਾਖੀ ਲਈ ਆ ਪਹੁੰਚੇ। ਉਹ ਵਹੀਰ ਦੇ ਆਲੇ-ਦੁਆਲੇ ਰੱਖਿਆ, ਫੌਜੀ ਕਿਲਾ ਬਣਾ ਕੇ ਲੜ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੱਖ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ-ਸਾਹਮਣੇ ਦੀ ਜੰਗ ਵਿਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ ਜੋ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ ਸਨ। ਸਿੰਘ ਅਜੇ ਵੀ ਰੱਬ ਦੇ ਭਾਣੇ ਵਿਚ ਨਿਸਚੇ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ਵੀ ਅਨੇਕਾਂ ਹੀ ਜ਼ਖਮਾਂ ਦੇ ਨਿਸ਼ਾਨ ਸਨ। ਸਿੰਘਾਂ ਨੇ ਇਹ ਜਾਣ ਲਿਆ ਸੀ ਕਿ ਹੁਣ ਦੁਸ਼ਮਣ ਤੋਂ ਬਚਣਾ ਮੁਸ਼ਕਿਲ ਹੈ। ਇਯ ਲਈ ਲੜ ਮਰਨਾ ਹੀ ਬਿਹਤਰ ਹੈ। ਸਿੰਘਾਂ ਨੇ ਆਪਣਾ ਪੂਰਾ ਤਾਣ ਲਾ ਕੇ ਤਕੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਵੱਡੀ ਫੌਜ ਨੂੰ ਮਾਰ ਮੁਕਾਇਆ। ਇਸ ਘਮਸਾਨ ਦੇ ਯੁੱਗ ਵਿਚ ਅਬਦਾਲੀ ਦੇ ਪੈਰ ਥਿੜਕ ਗਏ। ਸੀਸ ਤਲੀਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਵੀ ਮਾਰ ਦਿੱਤਾ। ਅਬਦਾਲੀ ਦੀ ਫੌਜ ਨੇ ਸਿੰਘਾਂ ਦੀ ਦਲੇਰੀ ਵੇਖ ਕੇ ਝਾੜੀਆਂ ਵਿਚ ਲੁਕ-ਲੁਕ ਕੇ ਜਾਨ ਬਚਾਈ। ਸਿੰਘਾਂ ਨੇ ਚੋਟੀ ਦੇ ਫੌਜੀ ਵੀ ਮਾਰ ਮੁਕਾਏ। ਉਹ ਸੋਚ ਰਹੇ ਸਨ ਆਦਮੀ ਹਨ ਕਿ ਫੌਲਾਦ। ਸਿੰਘ ਲੜਦੇ ਲੜਕੇ ਕੁਤਬ ਬਾਹਮਣੀਆਂ ਪਹੁੰਚ ਗਏ। ਅਬਦਾਲੀ ਦੀ ਫੌਜ ਨੇ ਭੱਜਣਾ ਸ਼ੁਰੂ ਕਰ ਦਿੱਤਾ। ਤੁਰਕ ਮਲੇਰਕੋਟਲਾ ਮੁੜ ਗਏ। ਖਿੰਡੇ-ਪੁੰਡੇ ਸਿੰਘ ਵੀ ਇਕੱਠੇ ਹੋ ਕੇ ਬਰਨਾਲੇ ਚਲੇ ਗਏ। ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨੀਕੁੰਨ ਮਿਸਾਲ ਹੈ, ਜੋ ਇਹਨਾਂ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਮਰਨ ਵਿਚ ਨਿਸਚਾ ਰੱਖਿਆ ਹੈ। ਇਸ ਵੱਡੇ ਘੱਲੂਘਾਰੇ ਦੀ ਘਮਸਾਨ ਜੰਗ ਵਿਚ 30 ਹਜ਼ਾਰ ਸਿੰਘ ਸ਼ਹੀਦ ਹੋਏ। ਤੁਰਕਾਂ ਨੇ ਇਹ ਜਾਣ ਲਿਆ ਸੀ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ। ਅਗਲੇ ਸਾਲ 1763 ਵਿਚ ਸਿੰਘਾਂ ਨੇ ਸਰਹੰਦ ਜਿੱਤ ਲਈ। ਸਿੰਘਾਂ ਨੇ ਅਬਦਾਲ ਨੂੰ ਅੰਮ੍ਰਿਤਸਰ ਤੋਂ ਵੀ ਭਜਾ ਦਿੱਤਾ। ਇਸ ਤਰ੍ਹਾਂ ਇਹ ਵੱਡੇ ਘੱਲੂਘਾਰੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ, ਜਿਹਨਾਂ ਨੇ ਅੱਗੇ ਜਾ ਕੇ ਸੁਤੰਤਰਤਾ ਸੰਗਰਾਮ ਲਈ ਰਾਹ ਖੋਲ੍ਹਿਆ। ਜੋ ਸਮਾਜ ਵਿਚ ਇਕੱਠੇ ਹੋ ਕੇ ਆਜ਼ਾਦ ਹੋਣ ਦੀ ਭਾਵਨਾ ਨੂੰ ਜਨਮ ਦਿੰਦੇ ਹਨ।



## 'ਦੇਵ ਘੋਲੀਏ ਵਾਲੇ' ਵੱਲੋਂ ਪਾਰਕ ਦਾ ਨਾਂ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਣ 'ਤੇ ਫਰਿਜ਼ਨੋ ਸਿਟੀ ਦਾ ਧੰਨਵਾਦ




ਫਰਿਜ਼ਨੋ ਤੋਂ ਮਿਲੀ ਫੈਕਸ ਅਨੁਸਾਰ ਜੋ ਪਿਛਲੇ ਹਫਤੇ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਪਾਰਕ ਦਾ ਨਾਂ ਬਦਲ ਕੇ ਰੱਖਿਆ ਤੇ ਬੜਾ ਖੂਬ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਉਂ ਹੀ ਇਸ ਦੀ ਉਸਾਰੀ ਸ਼ੁਰੂ ਹੋਈ ਤੇ ਲੰਘਦਿਆਂ ਕਰਦਿਆਂ ਬੜੇ ਸਵਾਲ-ਜਵਾਬ ਕੀਤੇ ਗਏ। ਦੇਵ ਘੋਲੀਏ ਨੇ ਦੱਸਿਆ ਕਿ ਇਹ ਉਸ ਸ਼ਖਸੀਅਤ ਨੂੰ ਯਾਦ ਦਿਵਾਉਂਦਾ ਹੈ, ਜਿਸ ਨੇ ਕਾਲੇ ਦੌਰ ਵਿਚ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਲਾਵਾਰਸ ਲਾਸ਼ਾਂ ਕਹਿ ਕੇ ਖੁਰਦ-ਬੁਰਦ ਕਰਨ ਵਾਲੀ ਸਰਕਾਰ ਦੇ ਕਾਰਨਾਮਿਆਂ ਦੀ ਛਾਣਬੀਣ ਕਰਕੇ ਲੋਕਾਂ ਸਾਹਮਣੇ ਕੌੜਾ ਸੱਚ ਪੇਸ਼ ਕੀਤਾ ਤੇ ਫਿਰ ਉਹਨਾਂ ਗੁਨਾਹਗਾਰ ਕਾਰਕੁੰਨਾਂ ਨੂੰ ਬਰਦਾਸ਼ਤ ਕਰਨਾ ਔਖਾ ਹੋ ਗਿਆ ਤੇ ਜਿਸ ਦੇਸ਼ ਵਿਚ ਇਨਸਾਫ ਦੀ ਆਸ ਘੱਟ ਹੋਵੇ ਤੇ ਜਾਨ ਤਲੀ 'ਤੇ ਧਰ ਕੇ ਕੰਮ ਕਰਨਾ ਪੈਂਦਾ ਹੈ।

ਇਸ ਜਸਵੰਤ ਸਿੰਘ ਦੀ ਅਦੁੱਤੀ ਸ਼ਹਾਦਤ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਕੁਰਬਾਨੀ ਨੂੰ ਮੁੱਖ ਰੱਖਦਿਆਂ ਪੰਜਾਬੀਆਂ ਨੇ ਫਰਿਜ਼ਨੋ ਸਿਟੀ ਅੱਗੇ ਗੁਨਾਹ ਲਾਈ, ਤਾਂ ਕੁਝ ਕੁ ਦਿਨਾਂ ਦੇ ਵਿਚ ਪਾਰਕ ਦਾ ਨਾਂ ਬਦਲਣ ਦੀ ਮਨਜ਼ੂਰੀ ਦੇ ਦਿੱਤੀ। ਸਾਡੀ ਸਾਰੀ ਗੀਤਕਾਰ ਕਮੇਟੀ ਵੱਲੋਂ ਪੰਜਾਬੀ ਕਮਿਊਨਿਟ. ਅਤੇ ਫਰਿਜ਼ਨੋ ਸਿਟੀ ਦਾ ਧੰਨਵਾਦ।



- ਦੇਵ ਘੋਲੀਆ ਖੁਰਦ, ਫਰਿਜ਼ਨੋ
559-232-7764

## ਖਾਹਸ਼

ਕਾਹਦੀ ਗਿੱਧੇ ਵਿਚ ਗਈ ਮੈਂ ਤਾਂ ਜਾ ਕੇ ਪਛਤਾਈ
ਖੁੱਲ੍ਹੇ ਵਾਲ ਛੱਡ ਨੱਚੀ ਪਈ ਪਿੰਡ 'ਚ ਦੁਹਾਈ
ਕਿਸੇ ਚੰਦਰੇ ਨੇ ਲੂਤੀ ਸਾਡੇ ਘਰ ਆ ਕੇ ਲਾਈ
ਹੁਣ ਸਹੁਰੇ ਤੋਂ ਡਰਾਂ ਨਾ ਮੈਂ ਦੋ ਗੁੱਤਾਂ ਕਰਾਂ
ਕੋਈ ਗੱਲ ਨਾ ਰਹੀ ਮੇਰੇ ਵੱਸ ਦੀ
ਚਾਅ ਦਿਲ ਦੇ ਤਾਂ ਦਿਲ ਵਿਚ ਰਹਿ ਗਏ
ਕਰਾਂ ਜਾਂ ਜਲੇਬੀ ਜੂੜਾ ਸੱਸ ਲੜਦੀ।

ਜੇ ਮੈਂ ਲੰਮੀ ਗੁੱਤ ਕਰਾਂ ਕਿਵੇਂ ਕੱਢਦੇ ਨਿਗੋਚਾ
ਸਾਰਾ ਟੱਬਰ ਤਾਂ ਇਕ ਪਾਸੇ ਕੀਹਨੂੰ ਕੀਹਨੂੰ ਰੋਕਾਂ
ਯੱਬ ਚੰਦਰੇ ਵਿਚਲੇ ਪਾਇਆ ਇਕੱਲੀ ਬਹਿ ਕੇ ਸੋਚਾਂ
ਮਾੜੇ ਮਿਲਦੇ ਸੰਯੋਗ ਫਿਰ ਲੱਗ ਜਾਂਦੇ ਰੋਗ
ਤਾਹੀਉਂ ਔਖੇ ਸੌਖੇ ਦਿਨ ਹੁਣ ਕੱਟਦੀ
ਚਾਅ ਦਿਲ ਦੇ ਤਾਂ ਦਿਲ ਰਹਿ ਗਏ ਕਰਾਂ ...
ਕੋਈ ਰੀਝ ਨਾ ਪੁਗਾਈ ਨਿੱਤ ਲੱਭਦੇ ਬਹਾਨੇ
ਮੈਂ ਕਿਸੇ ਦਾ ਕੀ ਦੇਣਾ ਗੱਲ ਸੁਣ ਨੀ ਨਣਾਨੇ
ਹਾਲ ਖੁੱਲ੍ਹ ਕੇ ਮੈਂ ਦੱਸਾਂ ਲੋਕ ਮਾਰਦੇ ਨੇ ਤਾਅਨੇ
ਜਿੰਦ ਰੋਲਤੀ ਨਿਮਾਣੀ ਕਿਹੜਾ ਆਪ ਤੂੰ ਨਿਆਣੀ
ਜਾਵਾਂ ਵਿਚੋਂ ਵਿਚ ਮੈਂ ਤਾਂ ਹੁਣ ਖਰਦੀ
ਚਾਅ ਦਿਲ ਦੇ ਤਾਂ ਦਿਲ ਰਹਿ ਗਏ ਕਰਾਂ ...

ਕੂਚ ਅੱਡੀਆਂ ਮੈਂ ਮਰ ਗਈ ਨਾ ਝਾਂਜਰਾਂ ਘੜਾਈਆਂ
ਲਾਈ ਲੱਗ ਨੇ ਪੜ੍ਹਾਈਆਂ ਸਭ ਖੂਹ ਦੇ ਵਿਚ ਪਾਈਆਂ
ਕੀ ਸਹੁਰੇ ਦੀ ਮਜਾਲ ਸੱਸ ਕਰੇ ਕਿਉਂ ਲੜਾਈਆਂ
ਮਾਹੀ ਹੋਵੇ ਜੇ ਸਲੱਗ ਨਾ ਘਰ ਲੱਗੇ ਅੱਗ
'ਦੇਵ ਘੋਲੀਏ' ਦੇ ਦੋਸ਼ ਸਾਰਾ ਸਿਰ ਮੜ੍ਹਦੀ
ਚਾਅ ਦਿਲ ਦੇ ਤਾਂ ਦਿਲ ਵਿਚ ਰਹਿ ਗਏ
ਕਰਾਂ ਜਾਂ ਜਲੇਬੀ ਜੂੜਾ ਸੱਸ ਲੜਦੀ।

- ਦੇਵ ਘੋਲੀਆ ਖੁਰਦ, ਫਰਿਜ਼ਨੋ
559-232-7764

# ਮਹਾਨ ਕ੍ਰਾਂਤੀਕਾਰੀ ਗੁਰੂ ਰਵਿਦਾਸ



ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਚੌਦਵੀਂ ਸਦੀ ਵਿੱਚ ਭਾਰਤੀ ਮੂਲ ਨਿਵਾਸੀ ਸਮਾਜ ਦੇ ਨਾਲ ਸਬੰਧਿਤ, ਸ਼੍ਰੋਮਣੀ ਸੰਤ ਵਜੋਂ ਜਾਣੇ ਜਾਂਦੇ ਮਹਾਨ ਰਹਿਬਰ ਦਾ ਜਨਮ ਮਾਘ ਮਹੀਨੇ ਦੀ ਪੂਰਨਮਾਸੀ ਵਾਲੇ ਦਿਨ ਮਾਤਾ ਕਲਸਾਂ ਦੇਵੀ ਜੀ ਅਤੇ ਪਿਤਾ ਸ੍ਰੀ ਸੰਤੋਖ ਦਾਸ ਜੀ ਤੇ ਦਾਦੀ ਲਖਪਤੀ ਜੀ ਤੇ ਦਾਦਾ ਕਾਲੂ ਰਾਮ ਜੀ ਦੇ ਘਰ 1377 ਈਸਵੀ ਵਿੱਚ (01, ਹਾੜ 1471 ਬਿਕਰਮੀ) ਨੂੰ ਪਿੰਡ ਸੀਰ ਗਵਰਧਨਪੁਰ, ਜ਼ਿਲਾ ਬਨਾਰਸ (ਕਾਸ਼ੀ), ਉਤਰ ਪ੍ਰਦੇਸ਼, ਭਾਰਤ ਵਿੱਚ ਪੈਦਾ ਹੋਏ। ਗੁਰੂ ਰਵਿਦਾਸ ਜੀ ਦੇ ਜੀਵਨ ਸਾਥੀ ਭਾਗਵੰਤੀ ਲੋਨਾ ਸਨ ਜਿਸ ਨੂੰ ਸਮਾਜ ਦੇ ਲੋਕ ਮਾਤਾ ਲੋਨਾ ਜੀ ਨੂੰ "ਲੋਨਾ-ਆਤਮਾ" ਵਜੋਂ ਅਕਸਰ ਯਾਦ ਕਰਦੇ ਹਨ।



ਰਛਪਾਲ ਸਿੰਘ ਭਾਰਦਵਾਜ
1-778-866- 7755

ਉਨ੍ਹਾਂ ਵਿੱਚ ਵਿਸ਼ਵਾਸ ਪਾਇਆ ਜਾਂਦਾ ਹੈ ਕਿ "ਲੋਨਾ-ਆਤਮਾ" ਸਾਡੇ ਬੱਚਿਆਂ ਦੀ ਰੱਖਿਆ ਕਰਦੀ ਹੈ। ਗੁਰੂ ਰਵਿਦਾਸ ਜੀ ਤੇ ਮਾਤਾ ਲੋਨਾ ਜੀ ਦੇ ਘਰ ਇੱਕ ਲੜਕਾ ਵਿਜੇ ਦਾਸ ਜੀ ਪੈਦਾ ਹੋਏ। ਗੁਰੂ ਰਵਿਦਾਸ ਜੀ ਦਾ ਜਨਮ ਉਸੇ ਸਮੇਂ ਹੋਇਆ ਜਦੋਂ ਭਾਰਤੀ ਮੂਲ ਨਿਵਾਸੀਆਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਸੀ ਤੇ ਦੇਸ਼ ਦੀ ਧਾਰਮਿਕ, ਆਰਥਿਕਤਾ ਅਤੇ ਸਮਾਜਿਕ ਵਿਵਸਥਾ ਮਨੂੰਵਾਦੀਆਂ ਦੇ ਹੱਥ ਵਿੱਚ ਸੀ ਤੇ ਭਾਰਤ ਦੇਸ਼ ਦੇ ਰਾਜੇ ਮਹਾਰਾਜੇ ਇਸ ਸੋਚ ਦੇ ਗੁਲਾਮ ਬਣ ਕੇ ਰਹਿ ਗਏ ਸਨ। ਭਾਰਤੀ ਮੂਲ ਨਿਵਾਸੀਆਂ ਵਲੋਂ ਹਿੰਦੂ ਦੇਵਤਿਆਂ ਦੀ ਪੂਜਾ ਕਰਨੇ ਦੀ ਪ੍ਰਥਾ ਭਾਰਤ ਦੇ ਲੋਕਾਂ ਨੂੰ ਮਾਨਸਿਕਤਾ ਗੁਲਾਮ ਬਣਾਉਣ ਵਿੱਚ ਸਹਾਇਕ ਸੀ ਤੇ ਅੱਜ ਵੀ ਭਾਰਤੀ ਮੂਲ ਨਿਵਾਸੀ ਲੋਕ ਹਿੰਦੂ ਦੇਵਤਿਆਂ ਦੀ ਪੂਜਾ ਕਰਨੀ ਦੀ ਪ੍ਰਥਾ ਤੋਂ ਆਪਣੇ -ਆਪ ਨੂੰ ਬਦਲ ਨਹੀਂ ਸਕੇ। ਮਨੂੰਵਾਦੀ ਬ੍ਰਾਹਮਣ ਲੋਕ ਭਾਰਤੀ ਮੂਲ ਨਿਵਾਸੀਆਂ ਨੂੰ ਗੰਦੇ ਤੋਂ ਗੰਦੇ ਕੰਮ ਕਰਵਾਉਣ ਲਈ ਮਜਬੂਰ ਕਰਦੇ ਸਨ ਤੇ ਭਾਰਤੀ ਮੂਲ ਨਿਵਾਸੀਆਂ ਨੂੰ ਆਪਣੀ ਪੇਟ ਦੀ ਭੁੱਖ ਮਿਟਾਉਣ ਵਾਸਤੇ ਮਜਬੂਰਨ ਅਜਿਹੇ ਕੰਮ ਕਰਨੇ ਪੈਂਦੇ ਸਨ। ਭਾਰਤੀ ਮੂਲ ਨਿਵਾਸੀਆਂ ਉਪਰ ਮਨੂੰਵਾਦੀ ਵਿਵਸਥਾ ਕਾਰਨ ਪੜਨੇ-ਲਿਖਣੇ ਤੇ ਪਾਬੰਦੀ ਲਗਾਈ ਹੋਈ ਸੀ ਤੇ ਜੋ ਅੱਜ ਵੀ ਕਿਸੇ ਨਾ ਕਿਸੇ ਢੰਗ ਨਾਲ ਇਹ ਮਨੂੰਵਾਦੀ ਵਿਵਸਥਾ ਲਾਗੂ ਹੋ ਰਹੀ ਹੈ ਜੋ ਅੱਜ ਵੀ ਭਾਰਤੀ ਰਾਜਨੀਤਕ ਲੀਡਰਾਂ ਦੇ ਕਾਰਨ ਕਰਕੇ ਵੱਧ ਰਹੀ ਹੈ।

ਗੁਰੂ ਰਵਿਦਾਸ ਜੀ ਨੇ ਜਦੋਂ ਸਮਾਜਿਕ ਤੇ ਧਾਰਮਿਕ ਕ੍ਰਾਂਤੀ ਦਾ ਬਿਗਲ ਵਜਾਇਆ ਤਾਂ ਬ੍ਰਾਹਮਣਵਾਦੀ ਸੋਚ ਦੇ ਲੋਕਾਂ ਨੂੰ ਹੱਥਾ ਪੈਰਾ ਦੀ ਪੈ ਗਈ : ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥ ਜਿਸ ਦਾ ਪ੍ਰਤੀਕਰਮ ਦਿੰਦੇ ਹੋਏ ਗੁਰੂ ਰਵਿਦਾਸ ਜੀ ਨੇ ਧਰਮਾਂ ਦੇ ਠੇਕੇਦਾਰਾਂ ਨੂੰ ਦੱਸਿਆ ਕਿ ਜੋ ਵੀ ਇਨਸਾਨ ਇਸ ਧਰਤੀ ਤੇ ਪੈਦਾ ਹੋਇਆ ਹੈ ਕੁਦਰਤ ਨੇ ਆਪਣੇ ਸਾਰੇ ਸਰੋਤ (ਧੁਪ, ਪਾਣੀ ਰੋਸ਼ਨੀ, ਹਵਾ ਤੇ ਹੋਰ ਅਨੇਕਾਂ ਪ੍ਰਕਾਰ ਦੇ ਸਰੋਤ ) ਸਮਾਨ ਰੂਪ ਵਿੱਚ ਹਰ ਪ੍ਰਾਣੀ ਨੂੰ ਬਰਾਬਰ ਹੀ ਦਿੱਤੇ ਹਨ ਤੇ ਕੁਦਰਤ ਨੇ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕੀਤਾ ਇਸ ਵਿਤਕਰੇ ਦੇ ਵਿਰੁਧ ਹੀ ਗੁਰੂ ਰਵਿਦਾਸ ਜੀ ਦਾ ਜੀਵਨ ਸੰਘਰਸ਼ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਦੇ 40 ਸ਼ਬਦ ਤੇ ਇੱਕ ਸਲੋਕ ਦਰਜ ਹਨ ਤੇ ਇਸ ਤੋਂ ਇਲਾਵਾ ਵੀ ਗੁਰੂ ਜੀ ਦੁਆਰਾ ਰਚੀ ਬਾਣੀ ਹੋਰ ਵੀ ਹੈ ਜਿਸ ਦੀ ਖੋਜ ਕਰਨ ਦੀ ਲੋੜ ਹੈ। ਗੁਰੂ ਰਵਿਦਾਸ ਜੀ ਭਾਰਤ ਦੇ ਸੁਲਤਾਨ ਸਿਕੰਦਰ ਲੋਧੀ (1489-1517) ਦੇ ਨਾਲ ਚੱਕ ਹਕੀਮ, ਫਗਵਾੜਾ (ਕਪੂਰਥਲਾ) ਪੰਜਾਬ ਵਿੱਚ ਆਏ ਤੇ ਤਕਰੀਬਨ 70 ਦਿਨ ਰਹੇ ਸਨ। ਜਿਹਨਾਂ ਦੀ ਯਾਦ ਵਿੱਚ ਸੰਤ ਹੀਰਾ ਦਾਸ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਪੰਜਾਬ ਦਾ ਪਹਿਲਾ ਦੇਹਰਾ ਸਾਹਿਬ (ਗੁਰਦੁਵਾਰਾ) ਪਿੰਡ ਚੱਕ ਹਕੀਮ ਵਿਖੇ ਸਥਾਪਤ ਕੀਤਾ ਸੀ। ਇਸ ਸਥਾਨ ਤੇ ਕਿਸੇ ਸਮੇਂ ਸਲਾਨਾ ਸੱਤ ਦਿਨਾਂ ਦਾ (ਏਸ਼ੀਆ) ਸਭ ਤੋਂ ਵੱਡਾ ਮੇਲਾ ਲੱਗਿਆ ਕਰਦਾ ਸੀ ਅਤੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਰੈਲੀਆਂ ਕਰਦੀਆਂ ਹੁੰਦੀਆਂ ਸਨ। ਇਸ ਧਾਰਮਿਕ ਸਥਾਨ ਤੇ ਅੱਜ ਵੀ ਹਰ ਵਰ੍ਹੇ ਇਕ ਹਾੜ ਨੂੰ ਭਾਰੀ ਜੋੜ ਮੇਲਾ ਲੱਗਦਾ ਹੈ।

ਗੁਰੂ ਰਵਿਦਾਸ ਜੀ ਜੀਵਨ ਨਾਲ ਸਬੰਧਿਤ ਬਹੁਤ ਸਾਰੀਆਂ ਸਾਖੀਆਂ ਪ੍ਰਚੱਲਿਤ ਹਨ। ਗੁਰੂ ਰਵਿਦਾਸ ਜੀ ਪਿਤਾ ਪੁਰਖੀ ਜੋੜੇ ਬਣਾਉਣ ਦਾ ਕੰਮ ਕਰਦੇ ਸਨ।ਗੁਰੂ ਰਵਿਦਾਸ ਜੀ ਜੁਤੀਆਂ ਬਣਾਉਦੇ-ਬਣਾਉਦੇ ਆਪਣੇ ਮੰਨ ਨੂੰ ਪਰਮੇਸ਼ਰ ਦੇ ਚਰਨਾਂ ਵਿੱਚ ਲਾਈ ਰੱਖਦੇ ਸਨ ਤੇ ਨਾਲ ਨਾਲ ਕੰਮ-ਕਾਰ ਕਰਦੇ-ਕਰਦੇ ਆਪਣੇ ਮੰਨ ਨੂੰ ਪ੍ਰਮਾਤਮਾ ਦੀ ਅਰਾਧਨਾ ਵਿੱਚ ਲਾਈ ਰੱਖਦੇ ਸਨ ਤੇ ਗੁਰੂ ਜੀ ਨੇ ਇਨਸਾਨੀ ਜਿੰਦਗੀ ਚਲਾਉਣ ਵਾਸਤੇ ਸੰਗਤ ਨੂੰ ਦਰਸ਼ਨ ਮਾਰਗ ਵੀ ਕੀਤਾ ਇਸ ਤਰਾਂ ਹੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਕਿਰਤ ਦੀ ਕਦਰ ਕੀਤੀ ਹੈ।

ਜਿਸ ਤਰਾਂ ਗੁਰੂ ਰਵਿਦਾਸ ਜੀ ਨੇ ਸਿਕੰਦਰ ਲੋਧੀ ਦੇ ਰਾਜ-ਪ੍ਰਬੰਧ ਨੂੰ ਅਯੋਗ ਠਹਿਰਾਇਆਂ ਸੀ ਤੇ ਚੰਗੇ ਰਾਜ ਪ੍ਰਬੰਧ ਨੂੰ ਆਪਣੇ ਸ਼ਬਦ ਵਿੱਚ ਦਰਸਾਇਆ: "ਐਸਾ ਚਾਹੂ ਰਾਜ ਮੈਂ ਜਹਾ ਸਭਨ ਕੋ ਮਿਲੇ ਅੰਨ ਛੋਟ ਵੱਡ ਸਮ ਵਸੇ ਰਵਿਦਾਸ ਰਹੇ ਪ੍ਰਸੰਨ" ਇਸੇ ਤਰਾਂ ਹੀ ਬਾਬਰ ਦੇ ਰਾਜ ਪ੍ਰਬੰਧ ਦਾ ਇਹ ਕਹਿੰਦਿਆ ਵਿਰੋਧ ਕੀਤਾ ਸੀ "ਰਾਜੇ ਸੀਹ ਮੁਕੱਦਮ ਕੁੱਤੇ" ਕਿਹਾ ਸੀ।ਸ੍ਰੀ ਅਨੰਤਦਾਸ ਜੀ ਦੀ ਲਿਖਤਾਂ (1662-1687) ਦੇ ਅਧਾਰ ਤੇ ਬਹੁਤ ਸਾਰੇ ਅੰਗਰੇਜ ਲਿਖਾਰੀਆਂ ਨੇ ਵੀ ਗੁਰੂ ਰਵਿਦਾਸ ਦੇ ਜੀਵਨ ਬਾਰੇ ਲਿਖਿਆ ਹੈ।

ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਵਿੱਚ ਬਹੁਤ ਸਾਰੀਆਂ ਯਾਤਰਾਵਾਂ ਵੀ ਕੀਤੀਆਂ ਇਨ੍ਹਾਂ ਯਾਤਰਾਵਾਂ ਦੌਰਾਨ ਸਾਹ ਹੀਣ ਲੋਕਾਂ ਨੂੰ ਸਤਿਸੰਗ ਕਰਕੇ ਜਾਗਰਿਤ ਕੀਤਾ ਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਦਿਆ ਇਹ ਦਰਸਾਇਆ ਸੀ ਕੇ "ਪ੍ਰਾਧੀਨ ਪਾਪ ਹੈ" ਗੁਰੂ ਰਵਿਦਾਸ ਜਿਥੇ ਜਿਥੇ ਵੀ ਗਏ ਉਥੇ ਧਾਰਮਿਕ ਸਥਾਨਾਂ ਦੀ ਉਸਾਰੀ ਕੀਤੀ ਗਈ ਜਿਵੇਂ ਕੇ ਮੁਨਾਰੇ ਬੇਗਮਪੁਰਾ ਆਦਿ ਖੁਰਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਦਿੱਲੀ, ਗੁੜਗਾਵਾਂ (ਹਰਿਆਣਾ), ਤ੍ਰਿਵੇਣੀ ਸੰਗਮ, ਅਯੋਧਿਆ, ਗੋਦਾਵਰੀ, ਮਥੁਰਾ, ਬਿੰਦਰਾਬਨ, ਭਰਤਪੁਰ, ਕੋਠਾ ਸਾਹਿਬ (ਅੰਮ੍ਰਿਤਸਰ), ਚੁੜਕਣ (ਪਾਕਿ-ਸਤਾਨ), ਕਾਲੀ ਬੇਈ (ਕਪੂਰਥਲਾ), ਸਥਾਨਾਂ ਤੇ ਗਏ।

ਗੁਰੂ ਰਵਿਦਾਸ ਜੀ ਨੇ ਲੋਕਾਂ ਨੂੰ ਵਹਿਮ-ਭਰਮਾਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਤੇ ਅਕਾਲ ਪੁਰਖ ਦੀ ਜੋਤ ਤਹਿਤ ਜੀਵਨ ਜਾਂਚ ਸਿੱਖਣਾ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ ਸੀ।

ਅੱਜ ਤੋਂ 641 ਸਾਲ ਪਹਿਲਾ ਗੁਰੂ ਰਵਿਦਾਸ ਜੀ ਨੇ ਲੋਕਾਂ ਦੀ ਗੱਲ ਕੀਤੀ ਸੀ ਤੇ ਲੋੜ ਹੈ ਇਹ ਦੇਖਣ ਦੀ ਕਿ ਅੱਜ ਉਨ੍ਹਾਂ ਵਲੋਂ ਲਏ ਹੋਏ ਸੁਪਨਿਆਂ ਨੂੰ ਅਸੀਂ ਸਤਿਕਾਰ ਕਰ ਰਹੇ ਹਾਂ?

# ਕੁਝ ਚਰਚਿਤ ਖਬਰਾਂ, ਆਮ ਰੁਝਾਨਾਂ ਤੋਂ ਕੁਝ ਹਟ ਕੇ

**ਚੀਨ ਅਤੇ ਗਰੀਬੀ :** ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਚੀਨ ਨੇ ਭਾਰਤ ਦੇ ਮੁਕਾਬਲੇ ਗਰੀਬੀ ਪੁਰ ਪੂਰੀ ਤਰ੍ਹਾਂ ਕਾਬੂ ਪਾ ਲਿਆ ਹੋਇਆ ਹੈ। ਹੁਣ ਉਹ ਆਰਥਕ ਰੂਪ ਵਿੱਚ ਵਿਕਸਤ ਦੇਸ਼ਾਂ ਦੇ ਮੁਕਾਬਲੇ ਵੱਡੀ ਆਰਥਕ ਸ਼ਕਤੀ ਬਣਨ ਦੀ ਦੌੜ ਵਿੱਚ ਸ਼ਾਮਲ ਹੋ ਗਿਐ। ਇਸੇ ਦੌਰਾਨ ਚੀਨ ਤੋਂ ਕੁਝ ਅਜਿਹੀਆਂ ਖ਼ਬਰਾਂ ਵਾਇਰਲ ਹੋ ਸਾਹਮਣੇ ਆ ਰਹੀਆਂ ਹਨ, ਜੋ ਇਸ ਮੰਨੀ ਜਾਂਦੀ ਤਸਵੀਰ ਦਾ ਦੂਜਾ ਰੁਖ ਪੇਸ਼ ਕਰਦੀਆਂ ਹਨ। ਉਨ੍ਹਾਂ ਵਿਚੋਂ ਹੀ ਇਕ ਖ਼ਬਰ ਹੁਣੇ ਜਿਹੇ ਆਈ ਹੈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਚੀਨ ਵਿੱਚ ਗਰੀਬੀ ਨਾਲ ਜੂਝ ਰਹੇ ਬਚਪਨ ਨੂੰ ਲੈ ਕੇ ਫਿਰ ਤੋਂ ਬਹਿਸ ਸ਼ੁਰੂ ਹੋ ਗਈ ਹੈ। ਇਹ ਮਾਮਲਾ ਚੀਨ ਦੇ ਸ਼ਿੰਗਦਾਉ ਪ੍ਰਾਂਤ ਦਾ ਦੱਸਿਆ ਜਾਂਦਾ ਹੈ, ਜਿਥੇ ਇੱਕ ਸੱਤ ਸਾਲ ਦਾ ਬੱਚਾ ਘਰ-ਘਰ ਜਾ ਸਾਮਾਨ ਪਹੁੰਚਾ ਰਿਹਾ ਹੈ। ਇਸ ਸੰਬੰਧ ਵਿੱਚ ਸੋਸ਼ਲ ਮੀਡੀਆ ਪੁਰ ਵਾਇਰਲ ਹੋਈ ਵੀਡਿਓ ਵਿੱਚ ਬੱਚੇ ਨੇ ਦੱਸਿਆ ਕਿ ਉਹ ਹਰ ਰੋਜ਼ ਘੱਟੋ-ਘੱਟ 30 ਸਾਮਾਨ ਲਿਜਾ ਵੱਖ-ਵੱਖ ਲੋਕਾਂ ਦੇ ਘਰਾਂ ਵਿੱਚ ਪਹੁੰਚਾਉਂਦਾ ਹੈ। ਇਸ ਬੱਚੇ ਦੀ ਉਹ ਤਸਵੀਰ ਹਾਲ ਵਿੱਚ ਹੀ ਸੋਸ਼ਲ ਮੀਡੀਆ ਪੁਰ ਵਾਇਰਲ ਹੋਈ, ਜਿਸ ਵਿੱਚ ਉਹ ਭਾਰੀ ਬਰਫਬਾਰੀ ਵਿੱਚ ਚਾਰ ਕਿਲੋਮੀਟਰ ਪੈਦਲ ਚਲ ਸਕੂਲ ਜਾਂਦਾ ਵਿਖਾਈ ਦੇ ਰਿਹਾ ਹੈ। ਦੱਸਿਆ ਗਿਐ ਕਿ ਇਸ ਬੱਚੇ, ਜਿਸਦਾ ਨਾਂਅ ਚਾਂਜਿਆਂਗ ਹੈ, ਦੇ ਪਿਤਾ ਦੀ ਮੌਤ ਚਾਰ ਸਾਲ ਪਹਿਲਾਂ ਹੋ ਗਈ ਸੀ। ਉਸਦੇ ਪਿਤਾ ਦੀ ਮੌਤ ਤੋਂ ਬਾਅਦ ਉਸਦੀ ਮਾਂ ਨੇ ਦੂਜਾ ਵਿਆਹ ਕਰਵਾ, ਉਸ ਨਾਲੋਂ ਆਪਣਾ ਨਾਤਾ ਤੋੜ ਲਿਆ। ਫਲਸਰੂਪ ਉਸਦਾ ਪਾਲਣ-ਪੋਸ਼ਣ ਕਰਨ ਦੀ ਜ਼ਿਮੇਂਦਾਰੀ ਉਸਦੇ ਪਿਤਾ ਦੇ ਇੱਕ ਦੋਸਤ ਯਾਂਘ ਸ਼ਿਫਾਂਗ ਨੇ ਸੰਭਾਲ ਲਈ। ਜੋ ਆਪ ਘਰ-ਘਰ ਸਾਮਾਨ ਡਿਲਿਵਰ ਕਰਨ ਦਾ ਕੰਮ ਕਰਦਾ ਹੈ। ਉਸਨੇ ਦੱਸਿਆ ਕਿ ਮੈਂ ਸਾਮਾਨ ਵੰਡਣ ਜਾਂਦਿਆਂ ਇਸ ਬੱਚੇ ਨੂੰ ਵੀ ਨਾਲ ਲੈ ਜਾਂਦਾ ਸੀ, ਕਿਉਂਕਿ ਇਸਨੂੰ ਇਕੱਲਿਆਂ ਘਰ ਨਹੀਂ ਸੀ ਛੱਡਿਆ ਜਾ ਸਕਦਾ। ਇਹ ਕੰਮ ਕਰਦਿਆਂ ਜਲਦੀ ਹੀ ਉਸ ਬੱਚੇ ਨੂੰ ਇਸ ਕੰਮ ਵਿੱਚ ਦਿਲਚਸਪੀ ਪੈਦਾ ਹੋਣ ਲਗੀ ਤੇ ਉਸਨੇ ਆਪਣੇ ਲਈ ਇੱਕ ਵੱਖਰੀ ਛੋਟੀ ਟੋਕਰੀ ਦੀ ਮੰਗ ਕਰ ਲਈ। ਚੀਨ ਦੇ ਲੋਕਾਂ ਨੇ ਇਸ ਬੱਚੇ ਨੂੰ 'ਲਿਟਲ ਲੀ' ਦਾ ਨਾਂਅ ਦਿੱਤਾ। ਕਿਹਾ ਜਾਂਦਾ ਹੈ ਕਿ ਲੋਕੀ ਭਾਵੇਂ ਉਸ ਬੱਚੇ ਦੀ ਮਿਹਨਤ ਨੂੰ ਵੇਖ ਹੈਰਾਨ ਹੁੰਦੇ ਹੋਣ, ਪਰ ਉਹ 'ਲਿਟਲ ਲੀ' ਆਪਣੇ ਕੰਮ ਦਾ ਪੂਰਾ-ਪੂਰਾ ਮਜ਼ਾ ਉਠਾ ਰਿਹਾ ਹੈ। ਉਹ ਕਹਿੰਦਾ ਹੈ ਕਿ ਉਸ ਨੂੰ ਆਪਣਾ ਕੰਮ ਬਹੁਤ ਪਸੰਦ ਹੈ ਤੇ ਵੱਡਾ ਹੋ ਕੇ ਵੀ ਉਹ ਇਹੀ ਕੰਮ ਕਰਨਾ ਚਾਹੇਗਾ।

**ਭਾਜਪਾ ਨਗਰ ਨਿਗਮਾਂ ਦੀ ਕਾਰਗੁਜ਼ਾਰੀ:** ਦੇਸ਼ ਦੀ ਕੌਮੀ ਰਾਜਧਾਨੀ ਦਿੱਲੀ ਵਿੱਚ ਚਲ ਰਹੀ ਸੀਲਿੰਗ ਦੌਰਾਨ ਇਹ ਖੁਲਾਸਾ ਹੋਇਆ ਹੈ ਕਿ ਕਨਵਰਜ਼ਨ ਫੀਸ ਦੇ ਨਾਂਅ ਤੇ ਭਾਜਪਾ ਸੱਤਾ ਅਧੀਨ ਨਗਰ ਨਿਗਮਾਂ ਨੇ ਵਪਾਰੀਆਂ ਪਾਸੋਂ ਕਰੋੜਾਂ ਰੁਪਏ ਵਸੂਲ ਕਰ ਲਏ ਹੋਏ ਹਨ, ਪ੍ਰੰਤੂ ਇਨ੍ਹਾਂ ਦੀ ਉਨ੍ਹਾਂ ਨੇ ਸੁਚੱਜੀ ਤੇ ਲੋੜੀਂਦੀ ਵਰਤੋਂ ਨਹੀਂ ਕੀਤੀ। ਉਨ੍ਹਾਂ ਇਸ ਪੈਸੇ ਨੂੰ ਜ਼ਰੂਰੀ ਸੇਵਾਵਾਂ ਵਿੱਚ ਸੁਧਾਰ ਕਰਨ ਅਤੇ ਪਾਰਕਿੰਗ ਆਦਿ ਦੀਆਂ ਸਹੂਲਤਾਂ ਉਪਲਬਧ ਕਰਵਾਉਣ ਦੇ ਨਾਲ ਕਈ ਹੋਰ ਵੀ ਲੋੜੀਂਦੇ ਕੰਮ ਕਰਨੇ ਸਨ। ਦਸਿਆ ਗਿਆ ਕਿ ਇਹ ਖੁਲਾਸਾ ਦਿੱਲੀ ਵਿਧਾਨ ਸਭਾ ਦੀ ਸੀਲਿੰਗ ਕਮੇਟੀ ਦੀ ਬੈਠਕ ਦੌਰਾਨ ਨਿਗਮ ਕਮਿਸ਼ਨਰਾਂ ਵਲੋਂ ਪੇਸ਼ ਕੀਤੀ ਗਈ ਰਿਪੋਰਟ ਵਿੱਚ ਹੋਇਆ ਹੈ।

ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਦਿੱਲੀ ਦੇ 351 ਮਾਰਗਾਂ ਨੂੰ ਸੀਲਿੰਗ ਤੋਂ ਰਾਹਤ ਦੁਆਣ ਲਈ ਹੋ ਰਹੀ ਮੁਸ਼ਕਤ ਦੌਰਾਨ ਸਰਕਾਰ ਨੂੰ ਕੇਵਲ ਦੋ ਨਗਰ ਨਿਗਮਾਂ ਪਾਸੋਂ ਹੀ ਪੂਰੀ ਰਿਪੋਰਟ ਮਿਲੀ ਹੈ। ਕਮੇਟੀ ਦੇ ਮੁੱਖ ਸਕੱਤਰ ਸ਼ਹਿਰੀ ਵਿਕਾਸ ਵਿਭਾਗ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਜੇ ਤਕ ਉਤਰੀ ਦਿੱਲੀ ਦੇ ਨਗਰ ਨਗਮ ਪਾਸੋਂ ਪੂਰੀ ਰਿਪੋਰਟ ਨਹੀਂ ਮਿਲੀ। ਇਸਦੇ ਨਾਲ ਇਹ ਖੁਲਾਸਾ ਵੀ ਹੋਇਆ, ਕਿ ਦੱਖਣੀ ਦਿੱਲੀ ਪਾਸ 634.54 ਕਰੋੜ ਰੁਪਏ ਦੀ ਅਜਿਹੀ ਰਾਸ਼ੀ ਹੈ, ਜਿਸ ਵਿੱਚ 489.89 ਕਰੋੜ ਰੁਪਏ ਕਨਵਰਜਨ ਫੀਸ, 142.50 ਕਰੋੜ ਰੁਪਏ ਪਰਕਿੰਗ ਚਾਰਜ ਤੇ ਪ੍ਰਬੰਧ ਨਾਲ ਸੰਬੰਧਤ 2.13 ਕਰੋੜ ਰੁਪਏ ਰਜਿਸਟ੍ਰੇਸ਼ਨ ਫੀਸ ਦੀ ਮਦ 'ਚ ਵਸੂਲੇ ਗਏ ਹੋਏ ਹਨ। ਮਿਲੀ ਜਾਣਕਾਰੀ ਅਨੁਸਾਰ ਕਰੋਲਬਾਗ ਵਿੱਚ ਹੁਣੇ ਜਿਹੇ ਜੋ ਸੀਲਿੰਗ ਹੋਈ, ਉਸ ਵਿੱਚ ਸੁਪ੍ਰੀਮ ਕੋਰਟ ਦੀ ਮਾਨੀਟਰਿੰਗ ਕਮੇਟੀ ਵਲੋਂ ਦਿੱਤੇ ਗਏ ਆਦੇਸ਼ਾਂ ਦਾ ਪਾਲਣ ਵੀ ਨਹੀਂ ਕੀਤਾ ਗਿਆ। ਨਗਰ ਨਿਗਮ ਨੇ ਸੀਲਿੰਗ ਦੇ ਹੋਰ ਨਿਯਮਾਂ ਆਦਿ ਦੇ ਉਲੰਘਣ ਨੂੰ ਸੀਲਿੰਗ ਦਾ ਕਰਨ ਦਾ ਕਾਰਣ ਦੱਸਿਆ।

**ਕਮਾਈ ਵਿੱਚ ਵਾਧੇ ਦੀ ਲਾਲਸਾ :** ਭਾਰਤੀ ਰੇਲਵੇ ਵਿਭਾਗ ਵਲੋਂ ਆਪਣੀ ਕਮਾਈ ਵਧਾਣ ਦੀ ਲਾਲਸਾ ਅਧੀਨ ਪ੍ਰੀਮੀਅਮ ਗੱਡੀਆਂ ਵਿੱਚ ਫਲੈਕਸ ਫੇਯਰ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਪ੍ਰੰਤੂ ਮਿਲੀ ਜਾਣਕਾਰੀ ਅਨੁਸਾਰ ਕਿਰਾਇਆ ਬਹੁਤ ਹੀ ਜ਼ਿਆਦਾ ਹੋਣ ਦੇ ਕਾਰਣ ਸਾਰੀਆਂ ਹੀ ਪ੍ਰੀਮੀਅਮ ਗੱਡੀਆਂ ਵਿੱਚ ਵਧੇਰੇ ਬਰਥਾਂ ਖਾਲੀ ਜਾ ਰਹੀਆਂ ਹਨ। ਪਟਨਾ ਤੋਂ ਦਿੱਲੀ ਲਈ ਚਲਣ ਵਾਲੀ ਰਾਜਧਾਨੀ ਐਕਸਪ੍ਰੈਸ ਵਿੱਚ ਹਰ ਮਹੀਨੇ 300 ਸੀਟਾਂ ਖਾਲੀ ਜਾ ਰਹੀਆਂ ਹਨ। ਰਾਂਚੀ ਤੋਂ ਚਲਣ ਵਾਲੀ ਰਾਜਧਾਨੀ ਐਕਸਪ੍ਰੈਸ ਵਿੱਚ 13 ਜਨਵਰੀ ਨੂੰ 244 ਸੀਟਾਂ ਖਾਲੀ ਰਹੀਆਂ। ਹੋਰ ਮਿਲੀ ਜਾਣਕਾਰੀ ਅਨੁਸਾਰ ਰਾਜਧਾਨੀ ਐਕਸਪ੍ਰੈਸ ਵਿੱਚ ਰੋਜ਼ ਔਸਤਨ ਢਾਈ ਸੌ ਤੋਂ ਵੱਧ ਸੀਟਾਂ ਖਾਲੀ ਰਹਿੰਦੀਆਂ ਹਨ। ਰਾਂਚੀ-ਕੌਲਕਤਾ ਸ਼ਤਾਬਦੀ ਵਿੱਚ ਵੀ ਹਰ ਰੋਜ਼ 40 ਸੀਟਾਂ-ਕੁ ਖਾਲੀ ਜਾ ਰਹੀਆਂ ਹਨ। ਇਲਾਹਬਾਦ ਤੋਂ ਚਲਣ ਵਾਲੀ ਦਿੱਲੀ ਅਤੇ ਮੁੰਬਈ ਦੁਰੰਤੋ ਵਿੱਚ ਯਾਤ੍ਰੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ।

**ਫਲੈਕਸੀ ਕਿਰਾਏ ਦਾ ਹਿਸਾਬ :** ਜੇ ਗੱਡੀ ਵਿੱਚ 100 ਬਰਥਾਂ ਹਨ ਤਾਂ ਪਹਿਲੀਆਂ 10 ਬਰਥਾਂ ਦਾ ਕਿਰਾਇਆ 100 ਰੁਪਏ (ਸਧਾਰਣ ਕਿਰਾਇਆ) ਰਹਿੰਦਾ ਹੈ। ਫਿਰ 11 ਤੋਂ 20 ਬਰਥਾਂ ਤਕ ਦਾ ਕਿਰਾਇਆ 10 ਪ੍ਰਤੀਸ਼ਤ, 21 ਤੋਂ 30 ਬਰਥਾਂ ਦਾ ਕਿਰਾਇਆ 20 ਪ੍ਰਤੀਸ਼ਤ, 31 ਤੋਂ 40 ਬਰਥਾਂ ਦਾ ਕਿਰਾਇਆ 30 ਪ੍ਰਤੀਸ਼ਤ, 41 ਤੋਂ 50 ਬਰਥਾਂ ਦਾ ਕਿਰਾਇਆ 40 ਪ੍ਰਤੀਸ਼ਤ ਵੱਧ ਜਾਂਦਾ ਹੈ। 51ਵੀਂ ਬਰਥ ਤੋਂ ਅਗੇ ਦੀਆਂ ਬਰਥਾਂ ਲਈ ਕਿਰਾਇਆ 50 ਪ੍ਰਤੀਸ਼ਤ ਵੱਧ ਦੇਣਾ ਪੈਂਦਾ ਹੈ।

**ਗੱਲ ਗਣਤੰਤਰ ਦੀ :** ਇਸ 26 ਜਨਵਰੀ ਨੂੰ ਦੇਸ਼ ਵਲੋਂ ਆਪਣਾ 69ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਇੱਕ ਭਾਰਤੀ ਦਾਰਸ਼ਨਿਕ ਵਲੋਂ 'ਗਣਤੰਤਰ' ਦੀ ਬਹੁਤ ਹੀ ਦਿਲਚਸਪ ਵਿਆਖਿਆ ਕੀਤੀ ਗਈ ਹੈ। ਉਸਦਾ ਕਹਿਣਾ ਹੈ ਕਿ ਦੇਸ਼ ਦੇ ਆਮ ਆਦਮੀ ਦੇ 'ਗਣ' ਅਤੇ ਦੇਸ਼ ਦੀ ਅਫਰਸ਼ਾਹੀ ਦੇ 'ਤੰਤਰ' ਦੇ ਤੁਲਨਾਤਮਕ ਮਹੱਤਵ ਨੂੰ ਲੈ ਕੇ ਵਿਦਵਾਨਾਂ ਵਿੱਚ ਆਪਾ-ਵਿਰੋਧੀ ਮੱਤ ਹਨ। ਉਸ ਅਨੁਸਾਰ ਕੁਝ-ਇੱਕ ਦਾ ਮੱਤ ਹੈ ਕਿ 'ਗਣ' ਦੀ ਮਹੱਤਤਾ ਵਕਤੀ ਹੈ ਅਰਥਾਤ ਚੋਣਾਂ ਦੇ ਸਮੇਂ ਹੀ 'ਗਣ' ਦੀ ਵੁਕਤ ਕੁਝ-ਕੁ ਨਜ਼ਰ ਆਉਂਦੀ ਹੈ, ਨਹੀਂ ਤਾਂ ਰਾਜ ਨੇਤਾ ਬਹੁਤਿਆਂ ਨੂੰ 'ਉਲੂ' ਅਤੇ ਬਾਕੀਆਂ ਨੂੰ 'ਉਲੂ ਦਾ ਪੱਠਾ' ਸਮਝਦੇ ਹਨ। ਚੋਣਾਂ ਤੋਂ ਬਾਅਦ ਜਨਤਾ ਦੀ ਉਹੀ ਦਸ਼ਾ ਹੁੰਦੀ ਹੈ, ਜੋ ਬਿਨਾਂ ਵਾਈ-ਫਾਈ ਦੇ ਇੰਟਰਨੈਂਟ ਦੀ। ਉਧਰ 'ਤੰਤਰ' ਦਾ ਉਹੁਦਾ ਚੋਣਾਂ ਤੋਂ ਪਹਿਲਾਂ ਤੇ ਬਾਅਦ ਤਕ ਵੀ ਬਰਕਰਾਰ ਰਹਿੰਦਾ ਹੈ। ਕਿਉਂਕਿ ਸਰਕਾਰ ਦੀ 'ਕਾਰ' ਦੇ ਬਾਹਰਲੇ ਢਾਂਚੇ ਵਿੱਚ ਭਾਵੇਂ ਰਾਜਸੀ ਮਾਲਕ ਦਾ ਬਦਲਿਆ ਮੁਖੌਟਾ, ਆਸਪਾਸ ਪ੍ਰੋਗਰਾਮ ਦੇ ਪੋਸਟਰਾਂ ਅਤੇ ਲਾਊਡ ਸਪੀਕਰਾਂ ਰਾਹੀਂ 'ਗਣ' ਦਾ ਗੁਣ-ਗਾਨ ਕਰ ਰਿਹਾ ਹੋਵੇ, ਪਰ 'ਤੰਤਰ' ਦੇ ਇੰਜਣ ਬਿਨਾ ਉਸਦਾ ਤਿਲ ਭਰ ਵੀ ਇਧਰ-ਉਧਰ ਖਿਸਕਣਾ ਮੁਸ਼ਕਲ ਹੈ। ਕੁਝ ਹੋਰ ਵਿਚਾਰਕਾਂ ਦਾ ਮਤ ਹੈ ਕਿ 'ਗਣ' ਨੂੰ ਲਗਾਤਾਰ ਝਾਂਸਾ ਦਿੱਤਾ ਜਾਂਦਾ ਹੈ ਕਿ ਉਹ ਲੋਕੀ, ਜੋ ਵਿਸ਼ਾਲ ਇਮਾਰਤਾਂ ਵਿੱਚ ਬਿਰਾਜਮਾਨ ਹਨ, ਉਹ ਸਾਰੇ ਹੀ ਉਸਦੇ ਸੇਵਕ ਹਨ। ਜਦਕਿ 'ਗਣ' ਸੱਚਾਈ ਜਾਣਦਾ ਹੈ। ਉਧਰ ਹਰ ਨਿਸ਼ਚਿਤ ਸਮੇਂ ਬਾਅਦ 'ਤੰਤਰ' ਦੀ ਤਨਖ਼ਾਹ ਵਧਦੀ ਹੈ, ਨਾਲ ਹੀ ਮਹਿੰਗਾਈ ਵੀ। 'ਗਣ' ਦੀ ਹਾਲਤ ਉਹੀ ਰਹਿੰਦੀ ਹੈ। ਮਹਿੰਗਾਈ ਦੇ ਵਧਦਿਆਂ ਜਾਣ ਨਾਲ ਉਸਦੀ ਦਾਲ ਪਤਲੀ ਹੁੰਦਿਆਂ-ਹੁੰਦਿਆਂ ਉਸਦੀ ਥਾਲੀ ਵਿਚੋਂ ਗਾਇਬ ਹੋ ਜਾਂਦੀ ਹੈ। ਉਸਦੀ ਕਿਸਮਤ ਸਰਦੀਆਂ ਵਿੱਚ ਠਿਠੁਰਦਿਆਂ ਰਹਿਣਾ ਅਤੇ ਗਰਮੀਆਂ ਵਿੱਚ ਲੂ ਦੀ ਤਪਸ਼ ਸਹਿਣਾ ਹੀ ਹੈ। ਜਦਕਿ 'ਤੰਤਰ' ਮਹਿੰਗਾਈ ਦਾ ਪ੍ਰਬੰਧ ਕਰਨਾ ਜਾਣਦਾ ਹੈ। ਉਸਨੇ ਨਿਜੀ ਸੁਆਰਥ ਦੇ 'ਸੇਵਾ ਕੇਂਦਰ' ਬਣਾ ਰਖੇ ਹਨ। ਉਹ ਇਸਦਾ ਉਲ੍ਹ ਸਿੱਧੇ ਕਰਦੇ ਰਹਿੰਦੇ ਹਨ ਅਤੇ ਬਦਲੇ ਵਿੱਚ ਕਦੀ 'ਨਕਦੀ' ਅਤੇ ਕਦੀ 'ਸਮਿਗਰੀ' ਦੀ ਸੇਵਾ ਪਾ ਨਿਹਾਲ ਹੁੰਦੇ ਰਹਿੰਦੇ ਹਨ। ਲੈਣ-ਦੇਣ ਦੀ ਇਸ ਸਾਧਾਰਣ ਪ੍ਰਕ੍ਰਿਆ ਨੂੰ 'ਭ੍ਰਿਸ਼ਟਾਚਾਰ' ਦਾ ਨਾਂ ਦੇਣਾ ਹਾਸੋ-ਹੀਣਾ ਹੈ। ਮਨੋਕਾਮਨਾ ਦੀ ਪੂਰਤੀ ਲਈ ਮੰਦਿਰ ਵਿੱਚ ਨਕਦ ਜਾਂ ਪ੍ਰਸ਼ਾਦ ਚੜ੍ਹਾਉਣਾ ਕੀ 'ਭ੍ਰਿਸ਼ਟਾਚਾਰ' ਹੈ? ਅਜਿਹੇ 'ਸਿੱਧ' ਅਵਤਾਰ ਅਜਕਲ ਹਰ ਸਰਕਾਰੀ ਦਫਤਰ ਦਾ ਸ਼ਿੰਗਾਰ ਹਨ।



ਜਸਵੰਤ ਸਿੰਘ 'ਅਜੀਤ'
91 9 827-19890

**ਅਤੇ ਅੰਤ ਵਿੱਚ :** ਹੁਣ ਸਮਾਂ ਆ ਗਿਆ ਹੈ ਕਿ 'ਤੰਤਰ' ਹੁਣ ਆਪ ਹੀ ਪਹਿਲ ਕਰ 'ਭ੍ਰਿਸ਼ਟਾਚਾਰ' ਦੀ ਪ੍ਰੀਭਾਸ਼ਾ ਬਦਲ ਦੇਵੇ। ਇਹ ਗਲ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਸਮਝਦਾਰ ਰਾਜਨੈਤਿਕ ਆਕਾ ਇਸ ਜ਼ਰੂਰੀ ਪ੍ਰੀਵਰਤਨ ਵਿੱਚ ਉਸਦਾ ਸਹਿਯੋਗ ਕਰਨਗੇ। ਉਨ੍ਹਾਂ ਨੂੰ ਆਪਣੀ ਸਾਖ ਤੇ ਵੱਟਾ ਲਗਵਾ ਜੇਲ੍ਹ ਜਾਣ ਤੇ ਕੋਈ ਇਤਰਾਜ਼ ਨਹੀਂ, ਬਸ 'ਗਣ' ਵਲੋਂ ਭੁਲਾ ਦੇਣ ਦਾ ਹੀ, ਉਸ ਨੂੰ ਡਰ ਹੈ। ਉਝ ਮੰਨਿਆ ਜਾਂਦਾ ਹੈ ਕਿ 'ਤੰਤਰ' ਬਹੁਤ ਚਲਾਕ ਹੈ। ਆਪਣੀਆਂ ਕਾਰਗੁਜ਼ਾਰੀਆਂ ਲਈ ਅਸਾਨੀ ਨਾਲ ਪਕੜ ਵਿੱਚ ਨਹੀਂ ਆਉਂਦਾ। ਉਸਨੇ ਤਾਂ ਬਸ ਇਹੀ ਫੈਸਲਾ ਕਰਨਾ ਹੈ ਕਿ ਦੇਸ਼ 'ਗਣਤੰਤਰ' ਹੈ ਜਾਂ 'ਤੰਤਰ' ਦਾ 'ਗੜ੍ਹ'? ਨਹੀਂ ਤਾਂ ਜਦੋਂ ਕਦੀ ਵੀ ਅੰਗ੍ਰੇਜ਼ੀ ਸ਼ਾਸਨ ਦੇ ਅਤੀਤ ਵਿੱਚ ਡੁਬਿਆ 'ਗਣ' ਚੇਤਿਆ, ਤਾਂ ਫਿਰ 'ਤੰਤਰ' ਦਾ ਭਵਿਖ ਕੋਈ ਖਾਸ ਉਜਲਾ ਨਹੀਂ ਰਹਿ ਪਾਇਗਾ।

# ਆਰਥਿਕ ਮੰਦਹਾਲੀ ਦਾ ਸ਼ਿਕਾਰ ਪੰਜਾਬ ਸਰਕਾਰ-ਕੇਂਦਰ ਦੇ ਦਰ ਪੁੱਜੀ ਪੰਜਾਬ ਦੀ ਅਫ਼ਸਰਸ਼ਾਹੀ

**ਚੰਡੀਗੜ੍ਹ-** ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨੇ ਨਵੀਂ ਦਿੱਲੀ 'ਚ ਕੇਂਦਰੀ ਵਿੱਤ ਮੰਤਰਾਲੇ ਸਮੇਤ ਹੋਰਨਾਂ ਵਿਭਾਗਾਂ ਦੇ ਅਧਿ-ਕਾਰੀਆਂ ਨਾਲ ਮੀਟਿੰਗਾਂ ਕਰਕੇ ਜਿਣਸੀ ਕਰਜ਼ਿਆਂ ਦਾ ਹੱਲ ਕੱਢਣ ਸਮੇਤ ਰਾਜ ਨਾਲ ਸਬੰਧਤ ਕਈ ਹੋਰ ਅਹਿਮ ਮਸਲਿਆਂ 'ਤੇ ਚਰਚਾ ਕੀਤੀ। ਮੀਟਿੰਗ ਵਿਚ ਕੁਝ ਸਕੀਮਾਂ ਦਾ ਮੁਲਾਂਕਣ ਵੀ ਕੀਤਾ ਗਿਆ। ਅਧਿਕਾਰੀਆਂ ਦੇ ਵਫ਼ਦ ਵਿਚ ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਵਿੱਤ ਸਕੱਤਰ ਅਨਿਰੁਧ ਤਿਵਾੜੀ ਅਤੇ ਖੁਰਾਕ ਅਤੇ ਸਪਲਾਈ ਸਕੱਤਰ ਕੇ.ਏ.ਪੀ. ਸਿਨਹਾ ਸ਼ਾਮਲ ਸਨ। ਮੀਟਿੰਗਾਂ ਦੌਰਾਨ ਸੂਬੇ ਦੇ ਬਜਟ, ਜਿਨਸਾਂ ਦੇ 31,000 ਕਰੋੜ ਰੁਪਏ ਦੇ ਕਰਜ਼ੇ ਨੂੰ ਐਡਜਸਟ ਕਰਨ ਸਮੇਤ ਹੋਰ ਮਸਲੇ ਵਿਚਾਰੇ ਗਏ।

ਜਿਣਸੀ ਕਰਜ਼ੇ ਦੇ ਹੱਲ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਲਕੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਅਤੇ ਕੇਂਦਰੀ ਖੁਰਾਕ ਤੇ ਸਪਲਾਈ ਮੰਤਰੀ ਰਾਮ ਬਿਲਾਸ ਪਾਸਵਾਨ ਤੋਂ ਮੀਟਿੰਗ ਲਈ ਸਮਾਂ ਮੰਗਿਆ ਹੈ। ਜਾਣਕਾਰੀ ਅਨੁਸਾਰ ਸੂਬੇ ਦੇ ਸੀਨੀਅਰ ਅਧਿਕਾਰੀਆਂ ਦੀ ਟੀਮ ਨੇ ਕੇਂਦਰੀ ਸਕੀਮਾਂ ਦੇ ਮੁਲਾਂਕਣ ਤੇ ਜਿਣਸੀ ਕਰਜ਼ੇ ਦਾ ਹੱਲ ਕੱਢਣ ਸਮੇਤ ਕੁਝ ਹੋਰ ਸਕੀਮਾਂ ਬਾਰੇ ਚਰਚਾ ਕੀਤੀ।

ਇਸ ਦਿਸ਼ਾ ਵਿਚ ਇਕ ਹੋਰ ਮੀਟਿੰਗ ਕੀਤੇ ਜਾਣ ਦੀ ਸੰਭਾਵਨਾ ਹੈ। ਮੀਟਿੰਗ ਵਿਚ ਪੰਜਾਬ ਦੇ ਅਗਲੇ ਮਹੀਨੇ ਪੇਸ਼ ਕੀਤੇ ਜਾਣ ਵਾਲੇ ਬਜਟ ਵਿਚ ਕੇਂਦਰੀ ਗ੍ਰਾਂਟਾਂ ਦੇ ਰੂਪ ਵਿਚ ਮਿਲਣ ਵਾਲੇ ਹਿੱਸੇ ਬਾਰੇ ਵੀ ਚਰਚਾ ਕੀਤੀ ਗਈ। ਸੂਬੇ ਦੇ ਅਧਿਕਾਰੀਆਂ ਨੇ ਜੀਐਸਟੀ ਦਾ ਪੈਸਾ ਮਹੀਨੇ ਦੇ ਸ਼ੁਰੂ ਵਿੱਚ ਦੇਣ 'ਤੇ ਜ਼ੋਰ ਦਿਤਾ ਤਾਂ ਕਿ ਤਨਖਾਹਾਂ ਦਾ ਭੁਗਤਾਨ ਹਰੇਕ ਮਹੀਨੇ ਦੇ ਪਹਿਲੀ ਹਫ਼ਤੇ ਹੋ ਸਕੇ। ਪੈਸਾ ਮਿਲਣ ਵਿਚ ਦੇਰੀ ਕਰਕੇ ਸੂਬਾ ਸਰਕਾਰ ਨੂੰ ਗੰਭੀਰ ਸੰਕਟ ਦਰਪੇਸ਼ ਹੈ ਤੇ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਕਿਸ਼ਤਾਂ ਵਿੱਚ ਤਨਖਾਹਾਂ ਦੇਣੀਆਂ ਪੈ ਰਹੀਆਂ ਹਨ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਗੁਰੂ ਪਿਆਰੀ ਸਾਧ ਸੰਗਤ ਜੀ
ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ 31 ਜਨਵਰੀ ਨੂੰ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਸੀ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 641ਵਾਂ ਗੁਰਪੁਰਬ ਦਿਹਾੜਾ 4 ਮਾਰਚ 2018 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

## ਪ੍ਰੋਗਰਾਮਾਂ ਦਾ ਵੇਰਵਾ

* 2 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 3 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ
  ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਕੀਰਤਨ ਦੀਵਾਨ ਸਜਣਗੇ।
* 4 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ
* ਉਸ ਉਪਰੰਤ ਬਾਅਦ ਦੁਪਹਿਰ ਕੀਰਤਨ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।
* ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
**ਗੁਰੂ ਘਰ**
**559-486-3091**

**ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706**

# ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ **641ਵਾਂ ਗੁਰਪੁਰਬ ਦਿਹਾੜਾ 25 ਫਰਵਰੀ ਦਿਨ ਐਤਵਾਰ** ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

**ਗੁਰਪੁਰਬ ਨੂੰ ਸਮਰਪਿਤ 23 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ** ਕਰਵਾਏ ਜਾਣਗੇ। **24 ਫਰਵਰੀ** ਨੂੰ ਬਾਅਦ ਦੁਪਹਿਰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ਅਤੇ **25 ਫਰਵਰੀ ਨੂੰ ਭੋਗ ਪਾਏ ਜਾਣਗੇ।**

ਉਪਰੰਤ ਗੁਰੂ ਜੀ ਦੇ ਜੀਵਨ ਅਤੇ ਉਪਦੇਸ਼ ਸਬੰਧੀ ਵੱਖ-ਵੱਖ ਬੁਲਾਰੇ ਸੰਗਤਾਂ ਅੱਗੇ ਆਪਣੇ ਵਿਚਾਰ ਰੱਖਣਗੇ ਅਤੇ ਗੁਰੂ ਘਰ ਦਾ ਜਥਾ ਗੁਰਬਾਣੀ ਕੀਰਤਨ ਨਾਲ ਸੰਗਤਾਂ ਨਿਹਾਲ ਕਰੇਗਾ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਸਮੂਹ ਪ੍ਰਬੰਧਕਾਂ ਵਲੋਂ ਸੰਗਤਾਂ ਨੂੰ ਤਿੰਨੇ ਦਿਨ ਗੁਰੂ ਘਰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਬੇਨਤੀ ਕਰਤਾ: ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ**

**ਸ੍ਰੀ ਗੁਰੂ ਰਵਿਦਾਸ ਟੈਂਪਲ ਫੋਨ: 559-891-8286**
**2650 Blaine Avenue Selma (CA) 93662**

# ਮਹਾਂਨਗਰ ਕੇਪ ਟਾਊਨ ’ਚ ਜ਼ਿੰਦਗੀ ‘ਦਾ ਡੇ ਜ਼ੀਰੋ’



ਹਰਦੀਪ ਸਿੰਘ ਚੁੰਬਰ
+91-94636-01616

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਦਰਜ ਕੀਤਾ ਹੈ ਕਿ ਹਵਾ ਸਾਡੀ ਗੁਰੂ ਹੈ, ਪਾਣੀ ਸਾਡਾ ਪਿਤਾ, ਅਤੇ ਧਰਤੀ ਸਾਡੀ ਮਾਤਾ ਸਮਾਨ ਹੈ। ਇਸੇ ਤਰਾਂ ਗੁਰੂ ਬਾਣੀ ਵਿਚ ਦਰਜ ਕਰ ਪਾਣੀ ਨੂੰ ਜੀਵਨ ਕਿਹਾ ਹੈ। ਇਸ ਤੋ ਪਤਾ ਲਗਦਾ ਹੈ ਕਿ ਪਾਣੀ ਜੀਵਨ ਲਈ ਸਭ ਤੋਂ ਜਰੂਰੀ ਨਿਆਮਤ ਹੈ। ਗੁਰੂ ਸਹਿਬਾਨ ਨੇ ਪਾਣੀ ਦੀ ਮਹੱਤਤਾ ਸਬੰਧੀ ਕਈ ਸਦੀਆਂ ਪਹਿਲਾਂ ਸੁਚੇਤ ਕੀਤਾ ਹੈ।

ਦੱਖਣੀ ਅਫਰੀਕਾ ਦੇ ਸਹਿਰ ਮਹਾਂਨਗਰ ਕੇਪ ਟਾਊਨ ਦਾ ਤੇਜ਼ੀ ਨਾਲ "ਦਿਨ ਜ਼ੀਰੋ" ਨੇੜੇ ਆ ਰਿਹਾ ਹੈ: ਜਦੋਂ ਸ਼ਹਿਰ ਦਾ ਪਾਣੀ ਸੁੱਕਾ ਹੋ ਜਾਏਗਾ, ਇਹ ਇੱਕ ਪ੍ਰਮੁੱਖ ਮਹਾਂਨਗਰ ਸੰਸਾਰ ਦਾ ਪਹਿਲਾ ਸਹਿਰ ਹੋਵੇਗਾ ਜਿਸ ਦਾ ਪਾਣੀ ਪੂਰਾ ਸੁੱਕ ਜਾਵੇਗਾ।ਪਿਛਲੇ ਕਈ ਸਾਲਾਂ ਤੋਂ ਮਹਾਂਨਗਰ ਕੇਪ ਟਾਊਨ ਇਸ ਸਦੀ ਦਾ ਸਭ ਤੋਂ ਬੁਰੇ ਸੋਕੇਦਾ ਸਾਹਮਣਾ ਕਰ ਰਿਹਾ ਹੈ। ਬਦਲਦੇ ਮਾਹੌਲ ਅਤੇ ਸਹਿਰ ਦੀ ਤੇਜੀ ਨਾਲ ਵਧੀ ਹੋਈ ਆਬਾਦੀ ਨੇ ਸਥਿਤੀ ਨੂੰ ਹੋਰ ਬਦਤਰ ਬਣਾ ਦਿੱਤਾ ਹੈ।ਅਤੇ ਜਿਵੇਂ ਹੀ ਸੰਕਟ ਗਰਸਤ ਹੋਇਆ ਹੈ, ਕਾਪਟੋਨ ਸਹਿਰੀ ਆਪਣੇ ਪਾਣੀ ਦੇ ਉਪਯੋਗ ਨੂੰ ਕਫਾਇਤ ਨਾਲ ਵਰਤਣ ਦਾ ਕੋਈ ਕਾਰਗਰ ਢੰਗ ਨਹੀਂ ਅਪਣਾ ਸਕੇ, ਇਸੇ ਕਾਰਨ, ਇਸ ਵਿੱਚ ਕਮੀ ਆਉਣ ਦੀ ਸੰਭਾਵਨਾ ਹੈ। ਅਧਿਕਾਰੀਆਂ ਦੁਆਰਾ ਜਾਰੀ ਪਿਛਲੇ ਹਫਤੇ ਦੇ ਅੰਕੜਿਆਂ ਅਨੁਸਾਰ ਸ਼ਹਿਰ ਦੇ ਨਿਵਾਸੀਆਂ ਦੀ ਅਨੁਮਾਨਤ 55% ਅਸਲ ਵਿੱਚ ਪ੍ਰਤੀ ਦਿਨ ਆਪਣੇ ਅਲਾਟ ਕੀਤੇ ਗਏ ਪਾਣੀ ਦੇ ਨਾਲ ਜੁੜੇ ਹੋਏ ਹਨ।ਇਸ ਵਾਰ ਸੋਕਾ ਪ੍ਰਭਾਵਿਤ ਸ਼ਹਿਰ ਵਿਚ ਟੂਟੀਆਂ ਬੰਦ ਹੋ ਜਾਣ ਤੋਂ ਬਾਅਦ, ਲੱਖਾਂ ਲੋਕਾਂ ਲਈ ਰੋਜ਼ਾਨਾ ਪਾਣੀ ਵੀ ਇਕ ਰਾਸ਼ਨ ਵਾਂਗ ਜ਼ਿੰਦਗੀ ਦਾ ਹਿੱਸਾ ਬਣ ਜਾਵੇਗਾ। ਜੇ ਕਰ ਮੌਸਮ ਦਾ ਮਿਜਾਜ ਉਸੇ ਰੂਪ ਵਿਚ ਰਹਿੰਦਾ ਹੈ ਤਾਂ ਮਹਾਂਨਗਰ ਕੇਪ ਟਾਊਨ ਦੁਨੀਆਂ ਦਾ ਪਹਿਲਾ ਵੱਡਾ ਸ਼ਹਿਰ ਬਣ ਜਾਵੇਗਾ ਜੋ ਪਾਣੀ ਤੋਂ ਰਹਿਤ ਹੋਵੇਗਾ।

ਇਹ ਅਸਲੀਅਤ ਹੈ: ਸ਼ਹਿਰ ਦਾ ਇਕੋ ਇਕ ਸਰੋਤ ਪਾਣੀ ਦਾ ਡੈਮ ਹੈ ਜਿਥੋਂ ਕੈਪ-ਟਾਊਨ ਨੂੰ ਪਾਣੀ ਸਪਲਾਈ ਕੀਤਾ ਜਾਂਦਾ ਹੈ। ਇਹ ਡੈਮ ਇਸ ਵੇਲੇ ਤਿੰਨ ਤਿਮਾਹੀਆਂ ( ਨੌਂ ਮਹੀਨਿਆਂ) ਤੋਂ ਮੀਂਹ ਨਾਂ ਪੈਣ ਕਾਰਨ ਖਾਲੀ ਹੋ ਰਿਹਾ ਹੈ। ਜਿਸ ਦਿਨ ਡੈਮ ਦਾ ਪੱਧਰ ਘਟ ਕੇ ਆਪਣੀ ਸਮਰੱਥਾ ਦੇ 13.5 ਫੀਸਦੀ ਤੱਕ ਪਹੁੰਚਦਾ ਹੈ ਤਾਂ ਇਹ "ਦਿਨ ਜ਼ੀਰੋ" ਵਜੋਂ ਜਾਣਿਆ ਜਾਵੇਗਾ। ਸ਼ਹਿਰ ਦੇ ਪਾਣੀ ਟੈਪ ਬੰਦ ਹੋ ਜਾਣਗੇ। ਮਹਾਂਨਗਰ ਕੇਪ ਟਾਊਨ ਸਹਿਰ ਦੇ ਜਿਸ ਤਰਾਂ ਹਾਲਾਤ ਨਜ਼ਰ ਆ ਰਹੇ ਹਨ ਉਸ ਦੇ ਅਨੁਸਾਰ, ਡੇ ਜ਼ੀਰੋ ਅਪਰੈਲ ਵਿੱਚ ਆ ਜਾਵੇਗਾ।ਕੇਪ ਟਾਊਨ ਦੇ ਡਿਪਟੀ ਮੇਅਰ ਇਆਨ ਨੀਲਸਨ ਨੇ ਇੱਕ ਬਿਆਨ ਵਿੱਚ ਕਿਹਾ ਕਿ "ਡੈਮ ਵਿੱਚ ਰੋਜਾਨਾਂ 1.4 ਫੀਸਦੀ ਦੀ ਗਿਰਾਵਟ ਦੇ ਕਾਰਨ, ਡੇ ਜ਼ੀਰੋ ਨੂੰ ਜਲਦ ਨੇੜੇ ਲਿਆਂਦਾ ਹੈ।"

ਕਿਹਾ ਕਿ ਉਸ ਸਮੇਂ ਤੋਂ, ਪੂਰੇ ਸ਼ਹਿਰ ਵਿਚ 200 ਤੋਂ ਵੱਧ ਪਾਣੀ ਭੰਡਾਰਨ ਥਾਵਾਂ ਤੋਂ 25 ਲੀਟਰ ਪ੍ਰਤੀ ਵਿਅਕਤੀ (ਜਾਂ 6.6 ਗੈਲਨਜ਼) ਦੇ ਰੋਜ਼ਾਨਾ ਪਾਣੀ ਦੇ ਰਾਸ਼ਨ ਦੀ ਜ਼ਰੂਰਤ ਹੋਵੇਗੀ। ਪਾਣੀ ਦੀ ਅਜੇ ਵੀ ਹਸਪਤਾਲਾਂ, ਕਲੀਨਿਕਾਂ, “ਜ਼ਰੂਰੀ ਸੇਵਾਵਾਂ" ਅਤੇ ਗੈਰ ਰਸਮੀ ਬਸਤੀਆਂ ਵਿੱਚ ਸਟੈਂਡਪਾਈਪਾਂ ਰਾਹੀਂ ਸਪਲਾਈ ਕੀਤਾ ਜਾਵੇਗਾ, ਪਰ ਬਹੁਤੇ ਲੋਕਾਂ ਨੂੰ ਪਾਣੀ ਦੀ ਲਾਈਨ ਵਿੱਚ ਉਡੀਕ ਕਰਨੀ ਪਵੇਗੀ, ਜਿਸ ਤਰ੍ਹਾਂ ਫਾਰਮੇਸੀ ਜਾਂ ਮੈਕਡੋਨਾਲਡਜ਼ ਤੇ ਲੋਕ ਲਾਈਨ ਵਿੱਚ ਉਡੀਕ ਕਰਦੇ ਹਨ।ਮਹਾਂਨਗਰ ਕੇਪ ਟਾਊਨ ਸਦਰ ਦੀ 40 ਲੱਖ ਦੀ ਆਬਾਦੀ ਹੈ, ਜਿਸ ਦੇ ਅੱਧ ਤੋਂ ਵੱਧ ਹਿੱਸੇ ਤੋਂ 154 ਵਰਗ ਮੀਲ ਦੇ ਪੂਰੇ ਸ਼ਹਿਰ ਵਿਚ ਖਾਸ ਥਾਵਾਂ ਮੰਨਕੇ ਇਕੱਤਰ ਕੀਤੇ ਅੰਕੜਿਆਂ ’ਤੇ ਸਬੰਧੀ ਉਮੀਦ ਕੀਤੀ ਜਾਂਦੀ ਹੈ, ਕਿ ਮਤਲਬ ਇਹ ਹੈ ਕਿ 10,000 ਤੋਂ 15,000 ਲੋਕ ਹਰ ਇੱਕ ਕਲੈਕਸ਼ਨ ਪੁਆਇੰਟ ਵਿੱਚ ਹਰ ਅਨ-ਅਨਮਾਨਤ ਸਮੇਂ ਲਈ ਹਰ ਸਮੇ ਲਾਈਨਾਂ ਵਿਚਪਾਣੀ ਲਈ ਖੜੇ ਹੋਣਗੇ।

ਸ਼ਹਿਰ ਵਿਚ, ਸਵਾਲ ਖੜੇ ਕਰਨੇ ਜਾਰੀ ਰਹੇ ਹਨ: ਕਿਵੇਂ ਪਾਣੀ ਲਈ ਕਤਾਰ ਦਾ ਕੰਮ ਚਲੇਗਾ ਹੈ? ਉਨ੍ਹਾਂ ਲੋਕਾਂ ਦਾ ਕੀ ਹੁੰਦਾ ਹੈ ਜਿਹੜੇ ਲਾਈਨ ਵਿਚ ਨਹੀਂ ਖੜ ਸਕਦੇ, ਜਾਂ ਜਿਨ੍ਹਾਂ ਕੋਲ ਆਪਣੇ ਪਰਿਵਾਰ ਲਈ ਘਰ ਲੋੜੀਂਦੇ ਪਾਣੀ ਲਿਜਾਣ ਦਾ ਕੋਈ ਰਸਤਾ ਨਹੀਂ ਹੈ? ਡਰੇ ਹੋਏ ਲੋਕਾਂ ਦੇ ਲਈ ਲੰਬੇ ਸਮੇਂ ਲਈ ਕਤਾਰਾਂ ਦਾ ਪ੍ਰਬੰਧਨ ਕਰਨ ਲਈ ਕਿਹੜੀਆਂ ਬੁਨਿਆਦੀ ਢਾਂਚੇ ਦੀ ਲੋੜ ਹੈ?ਲੋਕ ਡਰੇ ਹੋਏ ਹਨ ਕਿ ਕੀ ਹੋਵੇਗਾ ਜਦੋਂ ਸੀਵਰੇਜ ਖਰਾਬ ਹੋ ਜਾਣਗੇ, ਲੋਕੀ ਬਿਮਾਰ ਹੋ ਜਾਣਗੇ ? ਕੀ ਹੋਵੇਗਾ ਕੋਈ ਸਮਝੋਤਾ ਕਰਨ ਲਈ ਵਿਕਲਪ ਵੀ ਨਹੀਂ ਹੋਵੇਗਾ? ਕੀ ਨਸ਼ਲੀ ਜਾਂ ਆਰਥਿਕ ਪਧਰ ਉਤੇ ਲਾਈਨਾ ਵਿਚ ਖੜੇ ਹੋ ਕੇ ਪਾਣੀ ਮਿਲਿਆ ਕਰੇਗਾ।

ਇੱਥੋਂ ਤਕ ਕਿ ਕੁਝ ਸ਼ਹਿਰ ਦੇ ਅਧਿਕਾਰੀਆਂ ਨੇ ਵੀ ਇਸ ਤਰ੍ਹਾਂ ਕਬੂਲ ਕੀਤਾ ਹੈ; ਕਿ ਇਸ ਵੇਲੇ, ਐਮਰਜੈਂਸੀ ਯੋਜਨਾ ਦਾ ਕੋਈ ਮਤਲਵ ਨਹੀ ਹੈ। ਸ਼ਹਿਰ ਦੇ ਮੇਅਰਲ ਕਮੇਟੀ ਦੇ ਮੈਂਬਰ ਜੇ.ਪੀ. ਸਮਿੱਥ ਨੇ ਪਾਣੀ ਸੰਗਰਹਿ ਦੇ ਪੁਆਇੰਟਾਂ ’ਤੇ ਚਰਚਾ ਕਰਦੇ ਹੋਏ ਕਿਹਾ ਕਿ ਜੇ ਅਸੀਂ ਕੁਲੈਕਸ਼ਨ ਪੁਆਇੰਟਸ ’ਤੇ ਪਾਣੀ ਇਕੱਠਾ ਕਰਨਾ ਖਤਮ ਕਰਦੇ ਹਾਂ ਤਾਂ ਇਹ ਤਬਾਹਕੁੰਨ ਹੋ ਜਾਵੇਗਾ। ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਇਕ ਸਹੀ ਹੱਲ ਹੈ। ਲੰਬੇ ਸਮੇਂ ਲਈ ਇਹ ਸਭ ਤੋਂ ਵਧੀਆ, ਐਮਰਜੈਂਸੀ ਵਾਲਾ ਹੱਲ ਹੈ, ਅਤੇ ਹਰ ਕੀਮਤ ’ਤੇ ਬਚਣਾ ਚਾਹੀਦਾ ਹੈ।"

ਸ਼ਹਿਰ ਦੇ ਐਮਰਜੈਂਸੀ ਸੋਕਾ ਪ੍ਰਬੰਧਨ ਟੀਮ ਦੇ ਨਵੇਂ ਬਣੇ ਡਿਪਟੀ ਮੇਅਰ ਅਤੇ ਇਵਨ ਨੀਲਸਨ, ਸ਼ਹਿਰ ਦੀ ਤਿਆਰੀ ਬਾਰੇ ਸਵਾਲਾਂ ਲਈ ਹਾਲ ਹੀ ਦੇ ਇੱਕ ਇੰਟਰਵਿਊ ਵਿੱਚ ਬੇਚੈਨ ਹੋਣ ਸਬੰਧੀ ਜਵਾਬ ਦਿੰਦੇ ਹੋਏ ਡੇ ਜ਼ੀਰੋ ਨੇ ਪ੍ਰਸ਼ਾਸਨ ਅਤੇ ਸ਼ਹਿਰ ਨੂੰ ਹੁਣੇ ਤੋਂ ਪਰੇਸ਼ਾਨੀ ਦੀ ਸਥਿਤੀ ਵਿਚ ਪਾਇਆ ਹੋਇਆ ਜਿਸ ਨੇ ਹੋਰ ਖੱਜਲ-ਖੁਆਰੀ ਕੀਤੀ ਹੋਈ ਹੈ। "ਜੇ ਉਹ ਸਾਰੇ ਦਿਨ ਜ਼ੀਰੋ ਦੇ ਸਵਾਲ ਹਨ, ਤਾਂ ਮੈਨੂੰ ਪੁੱਛਣ ਦਾ ਇਹ ਗਲਤ ਸਮਾਂ ਹੈ, "ਉਸਨੇ ਸਾਫ ਕਿਹਾ. ਉਸ ਨੇ ਫਿਰ ਇੰਟਰਵਿਊ ਥੋੜਾ ਕੱਟਿਆ। ਸੰਬੋਧਨ ਦੇ ਹੋਰ ਅਧਿਕਾਰਤ ਯਤਨਾਂ ਪੱਛਮੀ ਮਹਾਂਨਗਰ ਕੇਪ ਦੇ ਸੱਤਾਧਾਰੀ ਪਾਰਟੀ, ਡੈਮੋਕਰੇਟਿਕ ਅਲਾਇੰਸ ਦੇ ਅੰਦਰ ਹੋਣ ਵਾਲੇ ਸਮੂਹਕ ਸੰਕਟ ਦੁਆਰਾ ਪੂਰੀ ਤਰ੍ਹਾਂ ਪ੍ਰਭਾਵਿਤ, ਅਸਪੱਸ਼ਟ, ਅਤੇ ਬਹੁਤ ਸੰਕਟ ਗਰਸਤ ਹੋਈਆਂ ਹਨ ਅਤੇ ਰਾਜਨੀਤਕ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਹੈ। ਹਾਲ ਹੀ ਦੇ ਹਫਤਿਆਂ ’ਚ ਦੱਖਣੀ ਅਫ਼ਰੀਕਾ’ ਚ ਕਈ ਸਿਆਸੀ ਝਗੜੇ ਹੋਏ ਹਨ।

ਇਕ ਮੱਧ ਵਰਗ ਵਿਅਕਤੀ ਲਈ, 50 ਲੀਟਰ ਦਾ ਮਤਲਬ ਦੋ ਮਿੰਟ ਤੋਂ ਵੀ ਘੱਟ ਸਮੇ ਲਈ ਸਰੀਰਕ ਸਫਾਈ ਹੋਣਾ, ਇਕ ਵਾਰ ਟਾਇਲਟ ਨੂੰ ਫਲੱਸ਼ ਕਰਨਾ, ਇਕ ਵਾਰ ਬਰਤਨ ਧੋਣਾ, ਇਕ ਵਾਰ ਹੱਥ ਧੋਣਾ ਅਤੇ ਇਕ ਵਾਰ ਪਕਾਉਣ ਲਈ ਪਾਣੀ ਦੀ ਵਰਤੋਂ ਕਰਨੀ। ਪੰਜਾਹ ਲੀਟਰ ਦਾ ਮਤਲਬ ਹਰ ਵੇਲੇ ਪਾਣੀ ਦੀ ਚਿੰਤਾ ਕਰਨ ਦੇ ਬਾਰੇ ਵਿੱਚ ਸੋਚਣਾ, ਅਤੇ ਸ਼ੱਕੀ ਅੱਖਾਂ ਨਾਲ ਤੁਹਾਡੇ ਦੋਸਤਾਂ ਅਤੇ ਸਹਿ-ਕਰਮਚਾਰੀਆਂ ਦੇ ਇਸਤੇਮਾਲ ਦੀ ਨਿਗਰਾਨੀ ਕਰਨਾ। ਇਸਦਾ ਅਰਥ ਹੈ ਕਿ ਜੋਨ ਡਿਡੀਅਨ ਨੇ ਆਪਣੇ ਸੰਖੇਪ "ਪਵਿੱਤਰ ਜਲ" ਵਿੱਚ ਜੋ ਤਰੀਕੇ ਨਾਲ ਪਾਣੀ ਅਤੇ ਪਾਣੀ ਦੀ ਅੰਦੋਲਨ, ਵੱਡੇ ਪੱਧਰ ਤੇ ਪਲੰਬਿੰਗ ਵਿੱਚ ਪਾਈਪਾਂ ਅਤੇ ਪਾਣਾਂ ਅਤੇ ਸੇਫਨਾਂ ਅਤੇ ਪੰਪਾਂ ਅਤੇ ਅਗਵਾ, ਅਤੇ ਬਾਅਦ ਵਿੱਚ ਅਤੇ ਵੇਅਰਜ਼ ਅਤੇ ਡਰੇਨਾਂ ਦੁਆਰਾ ਪਕੜ ਵਿੱਚ ਪਾਣੀ ਬਾਰੇ ਸੋਚਣਾ. "ਪ੍ਰਤੀ ਦਿਨ ਲਿਟਰ ਬਹੁਤ ਘੱਟ ਅਤੇ ਅਸੁਵਿਧਾਜਨਕ ਹੈ; 25 ਲੀਟਰ ਸੀਮਾ ਦੀ ਕਲਪਨਾ ਕਰਨਾ ਮੁਸ਼ਕਿਲ ਹੈ।

2014 ਵਿਚ ਘੱਟ ਤੋਂ ਘੱਟ ਸਾਲਾਨਾ ਬਾਰਸ਼ ਵਾਲੇ ਦੇਸ਼ ਮਿਸਰ (51 ਐਮ.ਐਮ.), ਲੀਬੀਆ (56 ਐਮ.ਐਮ.) ਅਤੇ ਸਾਊਦੀ ਅਰਬ (59 ਐਮ.ਐਮ)। ਅਫ਼ਰੀਕਾ ਚੈਕ ਨੇ ਦੱਖਣੀ ਅਫ਼ਰੀਕਾ ਲਈ ਫੂਡ ਐਂਡ ਐਗਰੀਕਲਚਰਲ ਔਰਗਨਾਈਜ਼ੇਸ਼ਨ ਦੁਆਰਾ ਸੂਚੀਬੱਧ 495 ਮਿਲੀਮੀਟਰ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਸਮੇਂ ਅਜਿਹਾ ਕਰਨ ਵਿੱਚ ਅਸਮਰੱਥ ਸੀ। ਹਾਲਾਂਕਿ, ਇਹ ਦੱਖਣੀ ਅਫ਼ਰੀਕਾ ਦੀ ਸਾਲਾਨਾ ਸਾਲਾਨਾ ਬਾਰਿਸ਼ 1981 ਅਤੇ 2010 ਦੇ ਵਿਚਕਾਰ 509 ਮਿਲੀਮੀਟਰ ਦੇ ਬਰਾਬਰ ਹੈ, ਜੋ ਕਿ ਦੱਖਣੀ ਅਫਰੀਕੀ ਮੌਸਮ ਸੇਵਾ ਵਿਭਾਗ ਦੁਆਰਾ ਕੱਢਿਆ ਗਿਆ ਹੈ। ਕੇਪ ਟਾਊਨ ਦੇਯੂਨੀਵਰਸਿਟੀ ਦੇ ਵਾਤਾਵਰਣ ਅਤੇ ਭੂਗੋਲ ਵਿਗਿਆਨ ਵਿਭਾਗ ਵਿਚ ਲੈਕਚਰਾਰ ਡਾ. ਕੇਵਿਨ ਵਿੰਟਰ ਨੇ ਅਫਰੀਕਾ ਨੂੰ ਦੱਸਿਆ ਕਿ ਜਦੋਂ ਦੇਸ਼ ਦੀ ਔਸਤਨ ਸਾਲਾਨਾ ਬਾਰਸ਼ ਸੋਕੇ ਦੇ ਤੌਰ ਤੇ ਜਾਣੀ ਜਾਂਦੀ ਹੈ ਤਾਂ ਇਹ ਇਕੋ ਜਾਂ ਵਧੀਆ ਢੰਗ ਨਹੀਂ ਹੈ।"ਦੱਖਣੀ ਅਫ਼ਰੀਕਾ ਵਿਚ ਬਾਰਿਸ਼ ਦੀ ਸਥਿਤੀ ਕਾਫੀ ਹੱਦ ਤਕ ਵੱਖਰੀ ਵੱਖਰੀ ਹੈ ਅਤੇ ਇਸਕਰਕੇ ਸਭ ਲਈ ਸੋਕੇ ਦੀ ਸੂਚੀ ਨੂੰ ਇਕੋ ਸੂਚਕ ਅੰਕਇਕ ਨਹੀਂ ਹੋ ਸਕਦਾ," ਉਸ ਨੇ ਕਿਹਾ।

### ਧਰਤੀ ਉੱਤੇ 10 ਪ੍ਰਮੁੱਖ ਏਰੀਆ ਜੀਥੇ ਸਭ ਤੋਂ ਘਟ ਵਰਖਾ ਹੁੰਦੀ ਹੈ

ਧਰਤੀ, ਇਕ ਨੀਲਾ ਗ੍ਰਹਿ: ਸੈਟੇਲਾਈਟ ਤੋਂ ਸਾਡੀ ਧਰਤੀ ਦੀ ਲਈ ਤਸਵੀਰਨੂੰ ਦੇਖਣ ਤੋਂ ਪਤਾ ਲਗਦਾ ਹੈ ਕਿ ਵਾਤਾਵਰਣ ਦੇ ਨਾਲ ਮਿਲਾਉਣ ਵਾਲੇ ਸਾਗਰ ਧਰਤੀ ਨੂੰ ਨੀਲੇ ਰੰਗ ਦੇ ਬਣਾਉਂਦਾ ਹੈ। ਇਸ ਲਈ ਇਸਦਾ ਰੰਗ ਮੁੱਖ ਤੌਰ ’ਤੇ ਪਾਣੀ ਤੋਂ ਆਉਂਦਾ ਹੈ।

ਧਰਤੀ ਦੀ ਤਕਰੀਬਨ 71% ਧਰਤੀ ਉੱਤੇ ਪਾਣੀ ਪਾਈਆ ਜਾਂਦਾ ਹੈ, ਵਾਸਤਵ ਵਿੱਚ ਧਰਤੀ ਅਜੇ ਵੀ ਇਕੋ ਇੱਕ ਗ੍ਰਹਿ ਹੈ ਜੋ ਅਸੀਂ ਜਾਣਦੇ ਹਾਂ ਕਿ ਪਾਣੀ ਤਰਲ ਰੂਪ ਵਿੱਚ ਸਤਹ ਤੇ ਮੌਜੂਦ ਹੈ। ਜੀਵਨ ਦੇ ਸਾਰੇ ਜਾਣੇ-ਪਛਾਣੇ ਰੂਪਾਂ ਲਈ ਵੀ ਪਾਣੀ ਅਹਿਮ ਰੋਲ ਹੈ। ਪਰ ਧਰਤੀ ’ਤੇ ਬਹੁਤ ਸਾਰੇ ਸਥਾਨ ਹਨ ਜੋ ਸਾਲਾਨਾ0.76 ਮਿਲੀਮੀਟਰ ਤੋਂ ਵੀ ਘੱਟ ਬਾਰਸ਼ ਹੁੰਦੀ ਹੈ। ਇਕ ਸਥਾਨ ਵੀ ਬਿਲਕੁਲ ਬਾਰਸ਼ ਨਹੀ ਹੁੰਦੀ। ਅਸੀਂ ਧਰਤੀ ਉੱਤੇ ਚੋਟੀ ਦੇ ਦਸ ਸਥਾਨ ਦਾ ਜਿਕਰ ਕਰਾਂਗੇ ਜਿਥੇ ਸਭ ਤੋਂ ਘੱਟ ਜਾਂ ਨਹੀਂ ਹੁੰਦੀ ਉਹ ਇਸ ਤਰਾਂ ਹਨ .-

1. 10. ਅਉਲੇਫ, ਅਲਜੀਰੀਆ ਧਰਤੀ ਉੱਤੇ ਡਿਸਟ੍ਰਸਟ ਸਥਾਨ,ਪ੍ਰਤੀ ਸਾਲ ਔਸਤ ਬਾਰ: 12.19 ਮਿਲੀਮੀਟਰ (0.48 ਇੰਚ)

2. 9. ਪਾਲੀਕਨ ਪੁਆਇੰਟ,ਨਾਮੀਬੀਆ, ਧਰਤੀ ਉੱਤੇ ਬਹੁਤ ਹੀ ਸੋਕਾ ਗਰਸਤ ਸਥਾਨ ਹੈ। ਪ੍ਰਤੀ ਸਾਲ ਔਸਤ ਬਾਰ: 8.13 ਮਿਲੀਮੀਟਰ (0.32 ਇੰਚ) ਪਾਲੀਕਨ ਪੁਆਇੰਟ ਨਾਮੀਬੀਆ ਵਿੱਚ ਹੈ, ਇੱਕ ਮਸ਼ਹੂਰ ਜਗ੍ਹਾ ਹੈ। ਜੋ ਦੱਖਣ ਅਟਲਾਂਟਿਕ ਮਹਾਂਸਾਗਰ ਵਿੱਚ ਫੈਲਿਆ ਹੋਇਆ ਹੈ ਅਤੇ ਵਾਲਵਿਸ ਬੇ ਦੀ ਬੰਦਰਗਾਹ ਦੀ ਰੱਖਿਆ ਕਰਦੀ ਹੈ।

3. 8. ਆਈਕਿਕ, ਚਿਲੀ,ਪ੍ਰਤੀ ਸਾਲ ਔਸਤ ਬਾਰਸ਼: 5.08 ਮਿਲੀਮੀਟਰ (0.2 ਇੰਚ)ਆਈਕਿਕ , ਉੱਤਰੀ ਚਿਲੀ ਸ਼ਹਿਰਵਿਚ ਇਕ ਬੰਦਰਗਾਹ ਹੈ, ਜੋ ਕਿ ਆਈਕਿਕ ਪ੍ਰਾਂਤ ਅਤੇ ਤਰਾਪਾਕਾ ਰਾਜ ਦੀ ਰਾਜਧਾਨੀ ਹੈ। ਜੋ ਸਾਲ ਭਰ ਦੇ ਤਾਪਮਾਨਾਂ ਵਿੱਚ ਬਹੁਤ ਘੱਟ ਹੈ ਅਤੇ ਲਗਭਗ ਬਾਰਸ਼ ਨਹੀਂ ਹੁੰਦੀ।

4. 7. ਵਾਹਦੀ ਆਲਫਰਾ ਸਿਟੀ ਸੈਂਟਰ ਪ੍ਰਤੀ ਸਾਲ ਔਸਤਨ ਵਰਖਾ: 2.45 ਮਿਲੀਮੀਟਰ (0.096 ਇੰਚ)ਵਾਦੀ ਆਲਫਰਾ, "ਝੀਲ ਨੂਬੀਆ" (ਲੇਕ ਨਾਸਿਰ ਦੇ ਸੂਡਾਨੀ ਭਾਗ) ਦੇ ਕਿਨਾਰੇ ਸੁਡਾਨ ਦੇ ਉੱਤਰੀ ਸੂਬੇ ਦਾ ਇੱਕ ਸ਼ਹਿਰ ਹੈ। 2007 ਤੱਕ, ਸ਼ਹਿਰ ਦੀ ਅਬਾਦੀ 15,725 ਸੀ। ਨੂਬਿਯਨ ਰੇਗਿਸਤਾਨ ਦੇ ਸ਼ਹਿਰ ਵਿੱਚ ਇੱਕ ਗਰਮ ਮਾਰੂਥਲ ਵਾਤਾਵਰਣ (ਕੋਪਨਨ ਜਲਵਾਯੂ ਵਰਗੀਕਰਨ ਬੀ.ਡਬਲਯੂ.ਐਚ.) ਹੈ, ਜੋ ਦੁਨੀਆ ਦਾ ਸਭ ਤੋਂ ਵੱਡਾ ਗਰਮ ਮਾਰਗ ਹੈ, ਜੋ ਸਹਾਰਾ ਰੇਗਿਸਤਾਨ ਦੇ ਵੱਡੇ ਹਿੱਸੇ ਦਾ ਇੱਕ ਹਿੱਸਾ ਬਣਾਉਂਦਾ ਹੈ। ਇਹ ਛੋਟਾ ਜਿਹਾ ਕਸਬਾ ਧਰਤੀ ’ਤੇ ਸਭ ਤੋਂ ਉੱਚਾ ਸਥਾਨ ਹੈ। ਵਾਹਦੀ ਆਲਫਰਾ ਹਰ ਸਾਲ ਉੱਚ ਸਤਰ ਦੀ ਸੂਰਜ ਦੀ ਰੌਸ਼ਨੀ ਵਿਚ ਪ੍ਰਾਪਤ ਕਰਦਾ ਹੈ, ਜਿਸਦੀ ਅੰਕਿਤ 4,300 ਐਚ ਹੈ ਜੋ ਕਿ 97-98% ਸੂਰਜ ਦੀ ਰੌਸ਼ਨੀ ਦੇ ਬਰਾਬਰ ਹੈ, ਜੋ ਹਰ ਸਾਲ ਜਮੀਨ ਉੱਤੇ ਪੈਂਦੀ ਹੈ।

5. 6. ਇਕਾ, ਪੇਰੂ ਪ੍ਰਤੀ ਸਾਲ ਔਸਤਨ ਵਰਖਾ: 2.29 ਮਿਲੀਮੀਟਰ (0.09 ਇੰਚ)ਦੱਖਣੀ ਪੇਰੂ ਵਿਚ ਆਈਕਾ ਸ਼ਹਿਰ ਦੀ ਰਾਜਧਾਨੀ ਆਈਕਾ ਰੀਜਨ ਹੈ। ਇਹ ਅਟਾਕਾਮਾ ਰੇਗਿਸਤਾਨ ਦੀ ਸਰਹੱਦ ’ਤੇ ਸਥਿਤ ਹੈ . ਗਰਮੀਆਂ ਦੇ ਮਹੀਨਿਆਂ (ਦਸੰਬਰ- ਮਾਰਚ) ਦੌਰਾਨ ਤਾਪਮਾਨ ਬਹੁਤ ਗਰਮ ਹੁੰਦਾ ਹੈ ਅਤੇ ਸਰਦੀਆਂ ਦੇ ਮਹੀਨਿਆਂ (ਜੂਨ- ਸਤੰਬਰ) ਦੌਰਾਨ ਗਰਮ ਹੁੰਦਾ ਹੈ। ਪੂਰੇ ਸਾਲ ਲਈ ਲਗਭਗ 2.29 ਮਿਲੀਮੀਟਰ (0.09 ਇੰਚ) ਬਾਰ ਬਾਰ ਹੈ

6. 5. ਲਕਸਰ, ਮਿਸਰ- ਇਹ ਵੀ ਧਰਤੀ ਉੱਤੇ ਸੋਕੇ ਵਾਲਾ ਸਥਾਨ -ਪ੍ਰਤੀ ਸਾਲ ਔਸਤਨ ਵਰਖਾ: 0.862 ਮਿਲੀਮੀਟਰ (0.034 ਇੰਚ) ਲੂਜ਼ਰ ਇੱਕ ਅੱਪਰ (ਦੱਖਣੀ) ਮਿਸਰ ਵਿੱਚ ਇੱਕ ਸ਼ਹਿਰ ਹੈ. ਇਹ ਦੁਨੀਆ ਦੇ ਸਭ ਤੋਂ ਗਰਮ, ਬਹੁਤ ਸੋਕਾ ਗਰਸਥ ਸਾਰੇ ਸ਼ਹਿਰਾਂ ਵਿੱਚੋਂ ਇੱਕ ਹੈ. ਗਰਮੀਆਂ ਦੌਰਾਨ (ਜੂਨ, ਜੁਲਾਈ, ਅਗਸਤ) ਔਸਤ ਵੱਧ ਤਾਪਮਾਨ 40º (104º) ਤੋਂ ਉਪਰ ਹੁੰਦਾ ਹੈ ਜਦਕਿ ਔਸਤ ਘੱਟ ਤਾਪਮਾਨ 22º (71.6º) ਤੋਂ ਉਪਰ ਹੁੰਦਾ ਹੈ।

7. 4. ਅਸਵਾਨ, ਮਿਸਰ -ਧਰਤੀ ’ਤੇ ਡਿਸਟੈਸਟ ਸਥਾਨ -ਅਸਵਾਨ ਇਕ ਵਿਅਸਤ ਬਾਜ਼ਾਰ ਅਤੇ ਸੈਰ-ਸਪਾਟਾ ਕੇਂਦਰ ਹੈ ਜੋ ਨੁਰੇ ਦੇ ਪੂਰਬ ਵੱਲ ਪਹਿਲੇ ਅਸੈਸਟੀਨ ’ਤੇ ਸਥਿਤ ਅਸਵਾਨ ਡੈਮ ਦੇ ਉੱਤਰ ਵਿਚ ਸਥਿਤ ਹੈ। ਪ੍ਰਤੀ ਸਾਲ ਔਸਤਨ ਸਾਲ: 0.861 ਮਿਲੀਮੀਟਰ (0.0338 ਇੰਚ) ਅਸਵਾਨ, ਪਹਿਲਾਂ ਅਸ਼ੂਆਨ ਸ਼ਬਦ ਬੋਲਦਾ ਹੈ, ਮਿਸਰ ਦੇ ਦੱਖਣ ਵਿਚ ਇਕ ਸ਼ਹਿਰ ਹੈ, ਜੋ ਅਸਵਾਨ ਰਾਜ ਦੀ ਰਾਜਧਾਨੀ ਹੈ। ਗਰਮੀਆਂ ਦੌਰਾਨ (ਜੂਨ, ਜੁਲਾਈ, ਅਗਸਤ ਅਤੇ ਸਤੰਬਰ) ਦੌਰਾਨ ਵਧੇਰੇ ਔਸਤ ਤਾਪਮਾਨ 40 ਡਿਗਰੀ ਸੈਂਟੀਗਰੇਡ (104.0 ਡਿਗਰੀ ਫਾਰਨਹਾਈਟ) ਤੋਂ ਜ਼ਿਆਦਾ ਹੁੰਦੇ ਹਨ ਜਦਕਿ ਔਸਤ ਘੱਟ ਤਾਪਮਾਨ 25 ਡਿਗਰੀ ਸੈਂਟੀਗਰੇਡ (77.0 ਡਿਗਰੀ ਫਾਰਨਹਾਈਟ) ਤੋਂ ਉਪਰ ਰਹੇ ਹਨ।

8. 3. ਕੁਫਰਾ, ਲੀਬੀਆ -ਧਰਤੀ ’ਤੇ ਤਰੱਕੀ ਕਰਨ ਵਾਲੇ ਸਥਾਨ- ਪ੍ਰਤੀ ਸਾਲ ਔਸਤਨ ਵਰਖਾ: 0.860 ਮਿਲੀਮੀਟਰ (0.0338 ਇੰਚ)ਕੁਫਰਾ (ਅਲ-ਕੂਫਰਾ) ਲੀਬੀਆ ਦੇ ਦੱਖਣੀ-ਪੂਰਬੀ ਸਿਰੀਨੇਕਾ ਦੇ ਕੁਫਰਾ ਜ਼ਿਲੇ ਵਿਚ ਇਕ ਬੇਸਿਨ ਅਤੇ ਓਏਸਿਸ ਗਰੁੱਪ ਹੈ। ਦੂਜਾ ਵਿਸ਼ਵ ਯੁੱਧ ਦੇ ਪੱਛਮੀ ਡਨਿਟ ਕੈਂਪ ਵਿਚ ਇਸ ਨੇ ਇਕ ਛੋਟੀ ਭੂਮਿਕਾ ਨਿਭਾਈ। ਸਹਾਰਾ ਰੇਗਿਸਤਾਨ ਦੇ ਮੱਧ ਵਿਚ, ਕੁਫਰਾ ਅਫ਼ਰੀਕਾ ਦੇ ਸਭ ਤੋਂ ਵਧੀਆ ਸਥਾਨ ਹੈ।

9. 2. ਅਰਿਕਾ, ਚਿਲੀ -ਧਰਤੀ ਉੱਤੇ ਸੋਕੇ ਵਾਲਾ ਸਥਾਨ - ਪ੍ਰਤੀ ਸਾਲ ਔਸਤ ਬਾਰ: 0.761 ਮਿਲੀਮੀਟਰ (0.03 ਇੰਚ) ਉੱਤਰੀ ਚਿਲੀ ਦੇ ਅਰਿਕਾ ਯਾਰ ਪੈਨਿਨੈਕੋਟਾ ਖੇਤਰ ਦੇ ਅਰਿਕਾ ਸੂਬੇ ਵਿੱਚ ਅਰਿਕਾ ਇੱਕ ਸੰਚਾਰ ਅਤੇ ਇੱਕ ਬੰਦਰਗਾਹ ਸ਼ਹਿਰ ਹੈ ਜੋ 196,590 ਦੀ ਆਬਾਦੀ ਵਾਲਾ ਹੈ. ਇਹ ਚਿਲੀ ਦੇ ਉੱਤਰੀ ਸ਼ਹਿਰ ਦਾ ਸ਼ਹਿਰ ਹੈ, ਜੋ ਕਿ ਪੇਰੂ ਨਾਲ ਸਰਹੱਦ ਦੇ 18 ਕਿਲੋਮੀਟਰ (11 ਮੀਲ) ਦੱਖਣ ਵੱਲ ਸਥਿਤ ਹੈ. ਇਹ ਸ਼ਹਿਰ ਅਰਿਕਾ ਪ੍ਰਾਂਤ ਅਤੇ ਅਰਿਕਾ ਅਤੇ ਪਰਿਨੈਕੋਟਾ ਖੇਤਰ ਦੀ ਰਾਜਧਾਨੀ ਹੈ।

10. 1. ਮੈਕਮੁਰਡੋ ਡਰੀ ਵਾਲਿਲੀਜ਼, ਅੰਟਾਰਕਟਿਕਾ: ਧਰਤੀ ਉੱਤੇ ਪੂਰਨ ਸੋਕੇ ਵਾਲਾ ਸਥਾਨ ਹੈ, ਇਥੇ ਪ੍ਰਤੀ ਸਾਲ ਔਸਤਨ ਵਰਖਾ: 0 ਮਿਲੀਮੀਟਰ (0 ਇੰਚ) ਹੈ। ਇਹ ਵਿਸ਼ਵਾਸ ਕਰਨਾ ਔਖਾ ਹੈ ਕਿ ਧਰਤੀ ਦੇ ਸਭ ਤੋਂ ਵਧੀਆ ਸਥਾਨ ਇਸਦੇ ਧਰੁਵ ਵਿੱਚੋਂ ਇੱਕ ਹੈ, ਪਰ ਇਹ ਸੱਚਾਈ ਹੈ। ਇਹ ਅੰਟਾਰਕਟਿਕਾ ਵਿੱਚ ਹੈ: ਮੈਕਮੁਰਡੋ ਡਰੀ ਵਾਲੀ - ਉਹ ਬਰੁਕਲਿਤ ਮੁਕਤ ਘਾਟੀਆਂ ਦੀ ਇੱਕ ਕਤਾਰ ਹੈ, ਜੋ ਕਿ ਮਕੁੰਡੋ ਸਾਊਂਡ ਦੇ ਪੱਛਮੀ ਵਿਕਟੋਰੀਆ ਭੂਮੀ ਤੋ ਸਥਿਤ ਹੈ। ਇਹ ਖੇਤਰ ਦੁਨੀਆ ਦੀ ਸਭ ਤੋਂ ਵੱਧ ਸੋਕੇ ਵਾਲਾ ਖੇਤਰ ਹੈ, ਟੇਲਰ ਵੈਲੀ ਵਿਚ ਫ੍ਰੀਸ ਪਹਾੜੀਆਂ, ਇਕ ਮੈਕਮੂਰਡੋ ਡਰੀ ਖਾਈਆਂ ਵਿੱਚੋਂ ਇਕ ਹੈ ਜਿਸ ਨੇ 14 ਮਿਲੀਅਨ ਸਾਲਾਂ ਵਿਚ ਪਾਣੀ ਨਹੀਂ ਦੇਖਿਆ। ਡਰਾਈ ਘਾਟੀ ਇਸ ਲਈ ਨਾਮ ਹਨ ਕਿਉਂਕਿ ਉਨ੍ਹਾਂ ਦੀ ਬਹੁਤ ਘੱਟ ਨਮੀ ਅਤੇ ਬਰਫ ਜਾਂ ਆਈਸ ਕਵਰ ਹੈ। ਉਹ ਵੀ ਖੁਸ਼ਕ ਹਨ ਕਿਉਂਕਿ, ਇਸ ਸਥਾਨ ’ਤੇ, ਪਹਾੜਾਂ ਦੀ ਗਿਣਤੀ ਕਾਫੀ ਉੱਚੀ ਹੈ ਜੋ ਕਿ ਪੂਰਬੀ ਅੰਟਾਰਕਟਿਕਾ ਆਈਸ ਸ਼ੀਟ ਤੋਂ ਸਮੁੰਦਰ ਦਾ ਬਰਫ਼ ਦੇ ਵੱਲ ਨੂੰ ਰੌਸ ਸਾਗਰ ਤੱਕ ਪਹੁੰਚਣ ਤੋਂ ਰੋਕਦੇ ਹਨ। 4,800 ਵਰਗ ਕਿਲੋਮੀਟਰ (1,900 ਵਰਗ ਮੀਲ) ਤੇ, ਵਾਦੀਆਂ ਦਾ ਲਗਭਗ 0.03% ਟਾਪੂ ਹੈ, ਅਤੇ ਅੰਟਾਰਕਟਿਕਾ ਵਿਚ ਸਭ ਤੋਂ ਵੱਡਾ ਆਈਸ-ਫਰੀ ਖੇਤਰ ਹੈ।




ਭਾਰਤ ਨੂੰ ਵੀ ਸੋਚਣਾ ਹੋਵੇਗਾ। ਸਾਡੇ ਦੇਸ਼ ਵਿੱਚ ਸੋਕੇ ਦੇ ਪ੍ਰਭਾਵਾਂ ਦੇ ਕਾਰਨ ਬਹੁਤ ਸਾਰੇ ਰਾਜਾਂ ਵਿਚ ਕਿਸਾਨ, ਮਜ਼ਦੂਰ ਆਤਮ ਹਤਿਆ ਕਰ ਰਹੇ ਹਨ। ਅਸੀ ਦੇਖਿਆ ਹੈ ਦੱਖਣ ਬਾਰਤ, ਰਾਜਿਸਥਾਨ, ਮੱਧ ਪ੍ਰਦੇਸ਼ ਅਤੇ ਮਹਾਂਰਾਸ਼ਟਰ ਅਤੇ ਕਈ ਸੂਬਿਆਂ ਵਿਚ ਸੋਕੇ ਦੇ ਬੜੇ ਮਾੜੇ ਪ੍ਰਭਾਵ ਰਹੇ ਹਨ। ਪਾਣੀ ਨੂੰ ਰੇਲਵੇ ਰਾਹੀ ਸੋਕੇ ਵਾਲੇ ਏਰੀਏ ਵਿਚ ਪਹੁੰਚਾਇਆ ਜਾਂਦਾ ਰਿਹਾ ਹੈ। ਪੰਜਾਬ ਦਾ ਪਾਣੀ ਹਰ ਸਾਲ ਹੋਰ ਗਹਿਰਾ ਹੋ ਰਿਹਾ ਹੈ। ਇਹ ਵੀ ਕਿਸਾਨ ਖੁਦਕਸੀਆਂ ਦਾ ਵੱਡਾ ਕਾਰਨ ਹੈ। ਵੱਡੇ, ਗਹਿਰੇ ਅਤੇ ਮਹਿੰਗੇ ਟਿਊਬਵੈਲ ਵਿਚੋਂ ਪਾਣੀ ਕੱਢਣ ਲਈ ਵੱਡੇ ਪਾਵਰ ਦੀਆਂ ਬਿਜਲੀ ਦੀਆਂ ਮੋਟਰਾਂ, ਲਾਈਟ ਦੀ ਲੋੜ ਅਨੁਸਾਰ ਸਪਲਾਈ ਨਾਂ ਹੋਣ ਕਾਰਨ ਵੱਡੇ ਜੈਨਰੇਟਰ ਅਤੇ ਇਹਨਾਂ ਨੂੰ ਚਲਾਉਣ ਲਈ ਵੱਡੀ ਹੌਰਸ ਪਾਵਰ ਦੇ ਟਰੈਕਟਰ ਰਖਣਾ ਕਿਸਾਨਾਂ ਦੀ ਮਜਬੂਰੀ ਹੋ ਗਈ ਹੈ। ਇਸ ਦਾ ਕੁੱਝ ਕਾਰਨ ਪੰਜਾਬ ਦਾ ਹਾੜੀ ਸੌਣੀ ਦਾ ਫਸ਼ਲੀ ਚੱਕਰ ਵੀ ਹੈ। ਪੰਜਾਬ ਦੇ ਆਰਥਿਕਤਾ ਦੇ ਰੀੜ ਦੀ ਹੱਡੀ ਖੇਤੀਬਾੜੀ ਲਈ ਖੇਤੀ ਵਿਗਿਆਨੀਆਂ ਨੂੰ ਕਾਰਗਰ ਕਦਮ ਉਠਾਉਣੇ ਪੈਣੇ ਹਨ ਇਸ ਤੋਂ ਪਹਿਲਾ ਕਿ ਬਹੁਤ ਦੇਰ ਹੋ ਜਾਵੇ। ਸਾਡੇ ਦੇਸ਼ ਦੇ ਸਾਹਮਣੇ ਆਉਣ ਵਾਲੇ ਇਸ ਗੰਭੀਰ ਮੁੱਦੇ ਤੇ ਕੌਮੀ ਜਾਗਰੂਕਤਾ ਅਤੇ ਬਹਿਸ ਹੋਣੀ ਚਾਹੀਦੀ ਹੈ, ਸੋਕੇ ਨਾਲ ਨਜਿੱਠਣ ਦੇ ਕੁੱਝ ਕਦਮ ਉਠਾਏ ਜਾ ਸਕਦੇ ਹਨ। ਜਿਵੇਂ ਕਿ..

1. ਗਰਮੀਆਂ ਵਿਚ ਝੀਲਾਂ/ਟੈਂਕਾਂ ਦੀ ਸੁਫਾਈ, ਇਹ ਭੰਡਾਰਣ ਸਮਰੱਥਾ ਵਧਾਏਗਾ ਅਤੇ ਭੂਮੀਗਤ ਪਾਣੀ ਵਧ ਸਕਦਾ ਹੈ।
2. ਪਾਣੀ ਦਾ ਭੰਡਾਰਨ ਅਤੇ ਪਾਣੀ ਰੀਚਾਰਜ ਨੂੰ ਲਾਜ਼ਮੀ ਬਣਾਉਣਾ ਚਾਹੀਦਾ ਹੈ , ਹਰ ਘਰ, ਖੇਤ, ਬਗੀਚੇ ਦਾ ਬਰਸਾਤੀ ਪਾਣੀ ਉਸੇ ਏਰੀਏ ਦੀ ਜਮੀਨ ਵਿਚ ਬੋਰਾਂ ਰਾਹੀ ਚਾਰਜ ਕਰਨਾ ਬਣਦਾ ਹੈ। ਪੱਕੀਆਂ ਸੜਕਾ, ਪੱਕੇ ਮੈਦਾਨਾਂ ਵਿਚ ਵੀ ਬਰਸਾਤੀ ਪਾਣੀ ਦੁਆਰਾ ਰੀਚਾਰਜ ਦਾ ਪ੍ਰਬੰਧ ਕਰਨਾ ਚਾਹੀਦਾ ਹੈ।
3. ਸਮੁੰਦਰੀ ਪਾਣੀ ਨੂੰ ਸੋਧਣਲਈ ਤਕਨਾਲੋਜੀ ਨੂੰ ਕਾਰਗਰ ਬਨਾਉਣ ਲਈ ਇਸ ਵਿੱਚ ਨਿਵੇਸ਼ ਕਰਨਾ ਸਮੇ ਦੀ ਲੋੜ ਹੈ।
4. ਦਰਿਆਵਾਂ ਨੂੰ ਜੋੜਨਾ: ਇਸ ਲਈ ਇਕ ਰਾਸ਼ਟਰੀ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ, ਜਿੱਥੇ ਵੀ ਸੰਭਵ ਹੋਵੇ ਸਾਨੂੰ ਨਦੀਆਂ ਨੂੰ ਜੋੜਨਾ ਚਾਹੀਦਾ ਹੈ।
5. ਸੋਕੇ ਦੇ ਸੰਭਾਵੀ ਖੇਤਰਾਂ ਵਿੱਚ ਕਿਸਾਨਾਂ ਲਈ ਬਦਲਵੇਂ ਫਸਲੀ ਚੱਕਰਾਂ ਦੀ ਸਲਾਹ ਉਤੇ ਅਮਲ ਕਰਨਾਂ ਬਣਦਾ ਹੈ।
6. ਸੋਕੇ ਵਾਲੇ ਖੇਤਰਾਂ ਲਈ ਪਾਣੀ ਦੀਆਂ ਪਾਈਪ ਲਾਈਨਾਂ, ਅਤੇ ਅਧੂਨਿਕ ਤਰੀਕੇ ਵਰਤਣ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ।
7. ਰੋਜਾਨਾਂ ਘਰਾਂ ਵਿਚ ਪਾਣੀ ਦਾ ਸੁੱਧਤਾ ਲਈ ਵਰਤੇ ਜਾਣ ਵਾਲੇ ਆਰਓ, ਨਹਾਉਣ, ਰਸੋਈ ਅਤੇ ਕੱਪੜੇ ਧੋਣ ਵਾਲੇ ਵੇਸਟ ਗਟਰਾਂ ਵਿਚ ਜਾ ਵਾਲੇ ਪਾਣੀ ਨੂੰ ਪੌਦਿਆਂ, ਫ.ਲਸਾਂ ਆਦਿ ਲਈ ਦੁਬਾਰਾ ਵਰਤੋਂ ਵਿਚ ਲਿਆਣਾ ਹੋਵੇਗਾ।

ਸਰਕਾਰ ਦੀ ਜਿਥੇ ਇਸ ਸਬੰਧੀ ਕਦਮ ਉਠਾਉਣਾ ਜਰੂਰੀ ਹੈ ਉਥੇ ਸਾਡੇ ਖੁਦ ਦੇ ਵਲੋਂ ਪਾਣੀ ਨੂੰ ਸੰਕੋਚ ਨਾਲ ਵਰਤਣ ਦੇ ਅਗਰ ਕੁੱਝ ਨਾ ਕੁੱਝ ਅਸੀਂ ਤਹਿ ਕਰ ਲਵਾਂਗੇ ਤਾਂ ਅਸੀ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਲਈ ਜਰੂਰ ਅੱਛਾ ਕੰਮ ਕਰ ਸਕਦੇ ਹਾਂ। ਇਸ ਸਬੰਧੀ ਜਰੂਰੀ ਕਦਮ ਉਠਾਉਣ ਦਾ ਸਹੀ ਸਮਾਂ ਹੈ।



## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਉਤਸਵ 9, 10, 11 ਫਰਵਰੀ, ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਮਨਾਏ ਜਾਣ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ ਤਿੰਨੇ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY (CA) ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ

# ਸਤਨਾਮ ਸਿੰਘ



## ਵਾਈਸ ਜਨਰਲ ਸਕੱਤਰ
## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ

## ਅਤੇ ਸਮੂਹ ਪਰਿਵਾਰ


## ਟਰੱਕਾਂ ਵਾਲੇ ਵੀਰਾਂ ਲਈ ਖ਼ੁਸ਼ਖਬਰੀ

**ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ**

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING** — ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD** — ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW** — ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS** — ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE** — ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

**Tel: 800.936.4011 • 209.636.0880**



RAJINDER SINGH

**GLOBAL SOLUTION FOR TRANSPORTATION**

(A PAPERLESS SOLUTION FOR TRUCKING)

email: info@etruckingsolution.com • www.etruckingsolution.com



LAKHVIR SINGH



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

**510- 733- 2222**

1421 Industrial PKWY West#F Hayward, CA 94544



Harmandeep Singh


ਸ੍ਰੀ ਗੁਰੂ ਰਵਿਦਾਸ ਜੀ




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੋਫੋਰਨੀਆ) ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਉਤਸਵ 9, 10, 11 ਫਰਵਰੀ, ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਮਨਾਏ ਜਾਣ ਦੀਆਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ ਤਿੰਨੇ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY (CA) ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ

# ਸ਼ਿੰਗਾਰਾ ਸਿੰਘ ਰੱਲ੍ਹ ਅਤੇ ਸਮੂਹ ਰੱਲ ਪਰਿਵਾਰ



**ਸ਼ਿੰਗਾਰਾ ਸਿੰਘ ਰੱਲ੍ਹ**

**ਜਨਰਲ ਸਕੱਤਰ**

**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ**

**530-713-1823**

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ 11 ਫਰਵਰੀ ਨੂੰ








ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੋਫੋਰਨੀਆ) ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪ੍ਰਕਾਸ਼ ਉਤਸਵ 9, 10, 11 ਫਰਵਰੀ, ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

9 ਫਰਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ।

10 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਦੀ ਸੇਵਾ ਕੀਤੀ ਜਾਵੇਗੀ।

11 ਫਰਵਰੀ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।

ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀਏ, ਰਾਗੀ,ਢਾਡੀ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

**ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਸੇਵਾ ਲੈਣੀ ਹੋਵੇ ਤਾਂ ਉਹ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦਾ ਹੈ ਜੀ:**



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੋਫੋਰਨੀਆ) ਦੇ ਅਹੁਦੇਦਾਰ ਅਤੇ ਮੈਂਬਰ

**ਗੁਰੂ ਘਰ ਦੇ ਸੇਵਾਦਾਰ**

ਗੁਰੂ ਘਰ 530-674-2564, ਭਾਈ ਪ੍ਰਿਤਪਾਲ ਸਿੰਘ ਜੀ (ਹੈਡ ਗ੍ਰੰਥੀ) 916-694-3386, ਸ੍ਰੀ ਦਲਵਿੰਦਰ ਰੱਲੂ (ਪ੍ਰਧਾਨ) 530-713-1823, ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508, ਸ਼ਿੰਗਾਰਾ ਸਿੰਘ ਰੱਲੂ (ਜਨਰਲ ਸਕੱਤਰ) 530-713-1823, ਸਤਨਾਮ ਸਿੰਘ (ਵਾਈਸ ਜਨਰਲ ਸਕੱਤਰ) 530-682-3692, ਰਾਮ ਸੇਵਕ ਭਾਟੀਆ (ਵਾਈਸ ਚੇਅਰਮੈਨ) 530-701-4370

**Sri Guru Ravidas Temple 1480 HAYNE AVE YUBA CITY, Phone- 530-674-2564)**